

ਹਰ ਦਿਨ ਪੰਜਾਬ ਭਰ 'ਚੋਂ ਅਦਾਰੇ ਨੂੰ ਮਿਲ ਰਹੇ ਪਿਆਰ ਅਤੇ ਸਹਿਯੋਗ ਦਾ ਦਿਲੋਂ ਧੰਨਵਾਦ

ਮੁੱਖ ਸੰਪਾਦਕ :- ਅਮਨਦੀਪ ਮਹਿਰਾ

ਰੋਜ਼ਾਨਾ ਸੱਚ ਤੇ ਨਿਡਰ ਆਵਾਜ਼

# ਲੋਕ ਬਾਣੀ

(ਜਲੰਧਰ)

Email : lokbani08@gmail.com

ਸ਼ੁੱਕਰਵਾਰ, 27 ਅਗਸਤ 2021

ਰੋਜ਼ਾਨਾ ਪੰਜਾਬੀ ਅਖ਼ਬਾਰ 'ਲੋਕ ਬਾਣੀ' ਆਪ ਪੜ੍ਹੋ ਅਤੇ ਹੋਰਨਾਂ ਨੂੰ ਵੀ ਪੜ੍ਹਾਓ। ਆਪਣੇ ਨਜ਼ਦੀਕੀ ਸਟਾਲ ਅਤੇ ਹਾਕਰ ਤੋਂ ਪ੍ਰਾਪਤ ਕਰੋ ਅਤੇ ਕਿਸੇ ਕਿਸਮ ਦੀ ਪ੍ਰੇਸ਼ਾਨੀ ਲਈ ਹੇਠ ਲਿਖੇ ਨੰਬਰ 'ਤੇ ਸੰਪਰਕ ਕਰੋ।

0181-2211009

R.N.I. Punpun/29016/2008 ✲ ਸਾਲ : 14 ✲ ਅੰਕ : 209 ✲ ਮੁੱਲ : 2.00 ਰੁਪਏ ✲ ਕੁੱਲ ਪੇਜ਼ : 10 ✲ ਫੈਕਸ : 0181-2211009 ✲ M. 99155-94111


## ਗ਼ੈਰ-ਕਾਨੂੰਨੀ ਹਥਿਆਰ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ, 3 ਔਰਤਾਂ ਸਮੇਤ 9 ਗ੍ਰਿਫ਼ਤਾਰ



**ਲਖਨਊ/ਲੋਕ ਬਾਣੀ**

ਉੱਤਰ ਪ੍ਰਦੇਸ਼ ਸਪੈਸਲ ਟਾਸਕ ਫੋਰਸ (ਐੱਸ.ਟੀ.ਐੱਫ.) ਨੇ ਵੀਰਵਾਰ ਨੂੰ ਮਊ ਜਲ੍ਹਿੇ ਦੇ ਥਾਣਾ ਖੇਤਰ ਦੱਖਣਤੋਲਾ ਵਿੱਚ ਗ਼ੈਰ-ਕਾਨੂੰਨੀ ਰੂਪ ਨਾਲ ਚੱਲ ਰਹੀ ਹਥਿਆਰ ਬਣਾਉਣ ਵਾਲੀ ਇੱਕ ਫੈਕਟਰੀ ਦਾ ਪਰਦਾਫਾਸ ਕਰਕੇ ਉੱਥੋ ਭਾਰੀ ਮਾਤਰਾ ਵਿੱਚ ਨਿਰਮਿਤ/ਅਰਧ ਨਿਰਮਿਤ ਹਥਿਆਰ ਅਤੇ ਹਥਿਆਰ ਬਣਾਉਣ ਦੇ ਸਾਮਾਨ ਬਰਾਮਦ ਕੀਤੇ। ਇਹ ਜਾਣਕਾਰੀ ਐੱਸ.ਟੀ.ਐੱਫ. ਵਲੋਂ ਜਾਰੀ ਇੱਕ ਬਿਆਨ ਵਿੱਚ ਦਿੱਤੀ ਗਈ। ਬਿਆਨ ਦੇ ਅਨੁਸਾਰ ਇਸ ਮਾਮਲੇ ਵਿੱਚ ਤਿੰਨ ਔਰਤਾਂ ਸਹਿਤ 9 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਐੱਸ.ਟੀ.ਐੱਫ. ਨੇ ਬਿਆਨ ਵਿੱਚ ਦੱਸਿਆ ਕਿ ਉਸ ਨੂੰ ਜਾਣਕਾਰੀ ਮਿਲੀ ਸੀ ਕਿ ਅੰਤਰਰਾਸਟਰੀ ਪੱਧਰ 'ਤੇ ਗ਼ੈਰ-ਕਾਨੂੰਨੀ ਹਥਿਆਰਾਂ ਦੇ ਤਸਕਰਾਂ ਦੁਆਰਾ ਮਊ ਵਿੱਚ ਹਥਿਆਰ ਬਣਾਉਣ ਦੇ ਫੈਕਟਰੀ ਦਾ ਸੰਚਾਲਨ/ਗ਼ੈਰ-ਕਾਨੂੰਨੀ ਹਥਿਆਰਾਂ ਦਾ ਨਿਰਮਾਣ ਕਰਕੇ ਅਪਰਾਧਿਕ ਗੈਂਗਾਂ ਨੂੰ ਸਪਲਾਈ ਕਰਨ ਦਾ ਗ਼ੈਰ-ਕਾਨੂੰਨੀ ਕੰਮ ਕੀਤਾ ਜਾ ਰਿਹਾ ਹੈ। ਬਿਆਨ ਦੇ ਅਨੁਸਾਰ ਇਸ ਸੂਚਨਾ 'ਤੇ ਐੱਸ.ਟੀ.ਐੱਫ. ਦੇ ਇੱਕ ਦਲ ਨੇ ਗ਼ੈਰ-ਕਾਨੂੰਨੀ ਹਥਿਆਰ ਬਣਾਉਣ ਵਾਲੀ ਫੈਕਟਰੀ ਦਾ ਪਰਦਾਫਾਸ਼ ਕਰਕੇ 9 ਵਿਅਕਤੀਆਂ ਨੂੰ ਬਿਹਾਰ ਐੱਸ.ਟੀ.ਐੱਫ. ਦੇ ਸਹਿਯੋਗ ਨਾਲ ਗ੍ਰਿਫ਼ਤਾਰ ਕਰਦੇ ਹੋਏ ਭਾਰੀ ਮਾਤਰਾ ਵਿੱਚ ਨਿਰਮਿਤ, ਅਰਧ ਨਿਰਮਿਤ ਗ਼ੈਰ-ਕਾਨੂੰਨੀ ਹਥਿਆਰ, ਹਥਿਆਰ ਬਣਾਉਣ ਦਾ ਸਾਮਾਨ ਅਤੇ ਸਮੱਗਰੀ ਬਰਾਮਦ ਕੀਤਾ ਗਿਆ। ਬਿਆਨ ਦੇ ਅਨੁਸਾਰ ਗ੍ਰਿਫ਼ਤਾਰ ਦੋਸੀਆਂ ਵਿੱਚ ਰੂਬੀਨਾ ਅੰਸਾਰੀ, ਸ਼ਬਾਨਾ ਖਾਤੂਨ ਅਤੇ ਸ਼ਬਨਮ ਬਾਨਾਂ (ਤਿੰਨ ਔਰਤਾਂ) ਅਤੇ ਤਨਵੀਰ ਆਲਮ, ਸਿਜਵਾਨ ਅੰਸਾਰੀ, ਰਿਜਾਉਲ ਹੱਕ, ਮੋ ਖਾਲਿਦ, ਲਿਆਕਤ ਅਲੀ ਅਤੇ ਪਰਵੇਜ ਆਲਮ ਸ਼ਾਮਲ ਹਨ। ਬਿਆਨ ਵਿੱਚ ਕਿਹਾ ਗਿਆ ਹੈ ਕਿ ਗ੍ਰਿਫ਼ਤਾਰ ਦੋਸੀਆਂ ਤੋਂ ਪੁੱਛਗਿੱਛ ਕਰਕੇ ਗਿਰੋਹ ਦੇ ਹੋਰ ਮੈਂਬਰਾਂ ਬਾਰੇ ਜਾਣਕਾਰੀ ਲਈ ਜਾ ਰਹੀ ਹੈ।



## ਭਾਰਤ ਵਿਚ ਆਉਣ ਵਾਲੇ ਤਿਉਹਾਰਾਂ ਮੌਕੇ ਕੋਵਿਡ-19 ਦੇ ਨਿਯਮਾਂ ਦੀ ਪਾਲਣਾ ਕਰਨਾ ਜਰੂਰੀ

**ਨਵੀਂ ਦਿੱਲੀ/ਕਪੂਰ**

ਕੇਂਦਰ ਸਰਕਾਰ ਨੇ ਅੱਜ ਕਿਹਾ ਹੈ ਕਿ ਕਰੋਨਾ ਦੇ ਮਾਮਲੇ ਵਿੱਚ ਸਤੰਬਰ ਅਤੇ ਅਕਤੂਬਰ ਮਹੀਨੇ ਮਹੱਤਵਪੂਰਨ ਹੋਣਗੇ ਕਿਉਂਕਿ ਤਿਉਹਾਰਾਂ ਦੇ ਸੀਜਨ ਦੌਰਾਨ ਕਾਫੀ ਸਾਵਧਾਨੀ ਰੱਖਣ ਦੀ ਲੋੜ ਹੋਵੇਗੀ। ਸਰਕਾਰ ਨੇ ਚੇਤਾਵਨੀ ਦਿੱਤੀ ਕਿ ਤਿਉਹਾਰਾਂ ਨੂੰ ਕੋਵਿਡ-19 ਨਿਯਮਾਂ ਦੀ ਪਾਲਣਾ ਕਰਦਿਆਂ ਮਨਾਇਆ ਜਾਵੇ। ਕੇਂਦਰੀ ਸਿਹਤ ਸਕੱਤਰ ਰਾਜੇਸ ਭੂਸਣ ਨੇ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਦੇਸ ਵਿੱਚ ਦੂਜੀ ਲਹਿਰ ਜਾਰੀ ਹੈ। ਆਈਸੀਐੱਮਆਰ ਦੇ ਡਾਇਰੈਕਟਰ ਜਨਰਲ ਬਲਰਾਮ ਭਾਰਗਵ ਨੇ ਕਿਹਾ ਕਿ ਟੀਕਾ ਲਾਗ ਖਲਿਾਫ ਲੜਨ ਦੀ ਤਾਕਤ ਪੈਦਾ ਕਰਦਾ ਹੈ ਨਾ ਕਿ ਕਰੋਨਾ ਨੂੰ ਰੋਕਦਾ ਹੈ। ਇਸ ਲਈ ਟੀਕਾਕਰਨ ਤੋਂ ਬਾਅਦ ਵੀ ਮਾਸਕ ਦੀ ਵਰਤੋਂ ਜਾਰੀ ਰੱਖਣਾ ਬਹੁਤ ਮਹੱਤਵਪੂਰਨ ਹੈ।

## ਅਮਰੀਕਾ ਨੇ ਕਿਹਾ- ਕਾਬੁਲ ਹਵਾਈ ਅੱਡੇ 'ਤੇ ਹਮਲੇ ਲਈ ਆਈ.ਐੱਸ. ਜਿੰਮੇਵਾਰ



**ਵਾਸ਼ਿੰਗਟਨ/ਲੋਕ ਬਾਣੀ**

ਕਾਬੁਲ ਏਅਰਪੋਰਟ ਦੇ ਬਾਹਰ ਧਮਾਕਿਆਂ ਤੋਂ ਤਾਲਿਬਾਨ ਨੇ ਪੱਲਾ ਝਾੜ ਲਿਆ ਹੈ ਤਾਂ ਅਮਰੀਕੀ ਅਧਿਕਾਰੀਆਂ ਨੇ ਇਸ ਨੂੰ ਇਸਲਾਮਿਕ ਸਟੇਟ ਦੀ ਕਰਤੂਤ ਦੱਸਿਆ ਹੈ। ਅਫਗਾਨਿਸਤਾਨ ਦੀ ਰਾਜਧਾਨੀ ਵਿੱਚ ਹਾਮਿਦ ਕਰਜਈ ਅੰਤਰਰਾਸ਼ਟਰੀ ਏਅਰਪੋਰਟ ਦੇ ਬਾਹਰ ਦੋ ਧਮਾਕਿਆਂ ਵਿੱਚ ਘੱਟ ਤੋਂ ਘੱਟ 40 ਲੋਕਾਂ ਦੀ ਮੌਤ ਹੋਈ ਹੈ ਤਾਂ 120 ਲੋਕ ਜਖ਼ਮੀ ਹੋ ਗਏ ਹਨ। ਹਮਲਾ ਅਜਿਹੇ ਸਮੇਂ 'ਤੇ ਹੋਇਆ ਹੈ, ਜਦੋਂ ਅਮਰੀਕਾ, ਆਸਟਰੇਲੀਆ ਅਤੇ ਬ੍ਰਿਟੇਨ ਵਰਗੇ ਦੇਸ਼ਾਂ ਨੇ ਅੱਜ ਹੀ ਏਅਰਪੋਰਟ ਦੇ ਕੋਲ ਹਮਲਿਆਂ ਦੀ ਚਿਤਾਵਨੀ ਦਿੰਦੇ ਹੋਏ ਆਪਣੇ ਨਾਗਰਿਕਾਂ ਨੂੰ ਦੂਰ ਰਹਿਣ ਨੂੰ ਕਿਹਾ ਸੀ। ਅਮਰੀਕਾ ਦੇ ਇੱਕ ਅਧਿਕਾਰੀ ਦਾ ਕਹਿਣਾ ਹੈ ਕਿ "ਯਕੀਨੀ ਤੌਰ 'ਤੇ ਮੰਨਿਆ ਜਾ ਰਿਹਾ ਹੈ ਕਿ" ਕਾਬੁਲ ਹਵਾਈ ਅੱਡੇ ਦੇ ਕੋਲ ਹੋਏ ਬੰਬ ਧਮਾਕੇ ਪਿੱਛੇ ਇਸਲਾਮਿਕ ਸਟੇਟ ਅੱਤਵਾਦੀ ਸਮੂਹ ਦਾ ਹੱਥ ਹੈ। ਅਧਿਕਾਰੀ ਨੇ ਕਿਹਾ ਕਿ ਦੋ ਆਤਮਘਾਤੀ ਹਮਲਾਵਰਾਂ ਅਤੇ ਬੰਦੂਕਧਰੀਆਂ ਦੁਆਰਾ ਵੀਰਵਾਰ ਨੂੰ ਕੀਤੇ ਗਏ ਹਮਲੇ ਵਿੱਚ ਅਮਰੀਕਾ ਦੇ ਫੌਜੀ ਜਖ਼ਮੀ ਹੋਏ ਹਨ।

## 20 ਲੋਕ ਹੋਏ ਬਿਹਾਰ ਵਿਚ ਕਿਸ਼ਤੀ ਡੁੱਬਣ ਕਾਰਨ ਲਾਪਤਾ

**ਪਟਨਾ/ਲੋਕ ਬਾਣੀ** : ਬਿਹਾਰ ਦੇ ਪੱਛਮੀ ਚੰਪਾਰਨ ਜਲ੍ਹਿੇ ਦੇ ਬਾਘਾ ਵਿੱਚ ਗੰਧਕ ਨਦੀ ਵਿੱਚ ਕਿਸ਼ਤੀ ਦੇ ਡੁੱਬਣ ਕਾਰਨ 20 ਜਣੇ ਲਾਪਤਾ ਹੋ ਗਏ ਹਨ। ਸਟੇਟ ਡਿਜਾਸਟਰ ਰਿਸਪੋਂਸ ਫੋਰਸ ਅਨੁਸਾਰ ਇਸ ਕਿਸ਼ਤੀ ਵਿੱਚ 25 ਵਿਅਕਤੀ ਸਫਰ ਕਰ ਰਹੇ ਸਨ। ਇਹ ਵਿਅਕਤੀ ਬਾਘਾ ਸ਼ਹਿਰ ਵਿੱਚ ਦਿਆਰਾ ਇਲਾਕੇ ਤੋਂ ਲੈ ਕੇ ਦੀਨ ਦਿਆਲ ਘਾਟ ਤੱਕ ਵਸੇ ਵੱਖ ਵੱਖ ਪਿੰਡਾਂ ਦੇ ਵਸਨੀਕ ਸਨ। ਜਦੋਂ ਕਿਸ਼ਤੀ ਗੰਧਕ ਨਦੀ ਦੇ ਵਿਚਕਾਰ ਪਹੁੰਚੀ ਤਾਂ ਤੇਜ ਹਵਾਵਾਂ ਕਾਰਨ ਉਸ ਦਾ ਸੰਤੁਲਨ ਵਿਗੜ ਗਿਆ ਤੇ ਕਿਸ਼ਤੀ ਡੁੱਬ ਗਈ। ਇਸੇ ਦੌਰਾਨ ਪੰਜ ਵਿਅਕਤੀ ਤੈਰ ਕੇ ਨਦੀ ਦੇ ਕਿਨਾਰੇ ਪਹੁੰਚ ਗਏ ਤੇ 20 ਵਿਅਕਤੀ ਲਾਪਤਾ ਹਨ।



## 9 ਨਵੇਂ ਜੱਜ ਮਿਲੇ ਸੁਪਰੀਮ ਕੋਰਟ ਨੂੰ 3 ਔਰਤਾਂ ਵੀ ਸ਼ਾਮਲ

**ਨਵੀਂ ਦਿੱਲੀ/ਕਪੂਰ** : ਰਾਸਟਰਪਤੀ ਰਾਮ ਨਾਥ ਕੋਵਿੰਦ ਵੱਲੋਂ ਨਿਯੁਕਤੀ ਪੱਤਰਾਂ 'ਤੇ ਦਸਤਖਤ ਕਰਨ ਦੇ ਨਾਲ ਹੀ ਅੱਜ ਤਿੰਨ ਔਰਤਾਂ ਸਮੇਤ ਨੌਂ ਨਵੇਂ ਜੱਜਾਂ ਨੂੰ ਸੁਪਰੀਮ ਕੋਰਟ ਵਿੱਚ ਨਿਯੁਕਤ ਕੀਤਾ ਗਿਆ। ਸਰਕਾਰੀ ਸੂਤਰਾਂ ਮੁਤਾਬਕ ਇਸ ਸਬੰਧੀ ਰਸਮੀ ਨੋਟੀਫਿਕੇਸਨ ਛੇਤੀ ਜਾਰੀ ਕੀਤਾ ਜਾਵੇਗਾ। ਸੁਪਰੀਮ ਕੋਰਟ ਦੇ ਨਵੇਂ ਜੱਜਾਂ ਵਿੱਚ ਜਸਟਿਸ ਬੀਵੀ ਨਾਗਰਤਨਾ, ਜਸਟਿਸ ਬੇਲਾ ਐੱਮ. ਤ੍ਰਿਵੇਦੀ, ਜਸਟਿਸ ਹਿਮਾ ਕੋਹਲੀ, ਜਸਟਿਸ ਸੀਟੀ ਰਵਿਕੁਮਾਰ, ਜਸਟਿਸ ਐੱਮਐੱਮ ਸੁੰਦਰੇਸ ਅਤੇ ਸੀਨੀਅਰ ਵਕੀਲ ਅਤੇ ਸਾਬਕਾ ਵਧੀਕ ਸਾਲਿਸਟਰ ਜਨਰਲ ਪੀਐੱਸ ਨਰਸਿਮ੍ਹਾ ਸਾਮਲ ਹਨ। ਜਸਟਿਸ ਨਾਗਰਤਨਾ ਸਤੰਬਰ 2027 ਵਿੱਚ ਭਾਰਤ ਦੀ ਪਹਿਲੀ ਮਹਿਲਾ ਚੀਫ ਜਸਟਿਸ (ਸੀਜੇਆਈ) ਨਿਯੁਕਤ ਕੀਤੇ ਜਾਣ ਦੀ ਸੰਭਾਵਨਾ ਹੈ। ਇਨ੍ਹਾਂ ਤੋਂ ਇਲਾਵਾ ਜਸਟਿਸ ਅਭੈ ਸ੍ਰੀਨਿਵਾਸ ਓਕਾ, ਜਸਟਿਸ ਵਿਕਰਮ ਨਾਥ ਅਤੇ ਜਸਟਿਸ ਜਤਿੰਦਰ ਕੁਮਾਰ ਮਹੇਸਵਰੀ ਵੀ ਸੁਪਰੀਮ ਕੋਰਟ ਵਿੱਚ ਨਿਯੁਕਤ ਜੱਜਾਂ ਵਿੱਚ ਸਾਮਲ ਹਨ।



## ਪੰਜਾਬ ਕੈਬਨਿਟ ਨੇ ਚੋਟੀ ਦੇ ਖਿਡਾਰੀਆਂ ਨੂੰ ਸਰਕਾਰੀ ਨੌਕਰੀਆਂ ਦੇਣ ਲਈ ਰਾਹ ਕੀਤਾ ਪੱਧਰਾ

**ਚੰਡੀਗੜ੍ਹ/ਲੋਕ ਬਾਣੀ** : ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਹਾਲ ਹੀ 'ਚ ਹੋਈਆਂ ਟੋਕੀਓ ਓਲੰਪਿਕ ਖੇਡਾਂ 'ਚ ਦੇਸ਼ ਦਾ ਨਾਂ ਰੌਸ਼ਨ ਕਰਨ ਵਾਲੇ ਪੰਜਾਬ ਦੇ ਖਿਡਾਰੀਆਂ ਨੂੰ ਨਕਦ ਇਨਾਮ ਰਾਸ਼ੀ ਨਾਲ ਸਨਮਾਨਿਤ ਕਰਨ ਮੌਕੇ ਕੀਤੇ ਵਾਅਦੇ ਨੂੰ ਪੂਰਾ ਕਰਦਿਆਂ ਪੰਜਾਬ ਕੈਬਨਿਟ ਨੇ ਚੋਟੀ ਦੇ ਖਿਡਾਰੀਆਂ ਲਈ ਰੁਜ਼ਗਾਰ ਦਾ ਵਿਸ਼ੇਸ਼ ਪ੍ਰਬੰਧ ਕਰਨ ਲਈ ਰਾਹ ਪੱਧਰਾ ਕਰਦਿਆਂ ਵੀਰਵਾਰ ਨਿਯਮਾਂ 'ਚ ਸੋਧ ਕਰਨ ਦਾ ਫੈਸਲਾ ਕੀਤਾ। ਪੰਜਾਬ ਖਿਡਾਰੀ ਭਰਤੀ ਨਿਯਮ, 1988 ਦੇ ਨਿਯਮ 3 'ਚ ਸੋਧ ਕਰਦਿਆਂ ਇਸ 'ਚ ਨਿਯਮ 3 ਏ ਸ਼ਾਮਲ ਕਰਨ ਨਾਲ ਓਲੰਪਿਕ ਖੇਡਾਂ, ਏਸ਼ੀਆਈ ਖੇਡਾਂ ਤੇ ਰਾਸ਼ਟਰਮੰਡਲ ਖੇਡਾਂ ਦੇ ਨਾਲ ਵਿਸ਼ਵ ਕੱਪ ਟੂਰਨਾਮੈਂਟਾਂ 'ਚ ਬਿਹਤਰ ਪ੍ਰਦਰਸ਼ਨ ਕਰਨ ਵਾਲੇ ਖਿਡਾਰੀ ਖੇਡ ਕੋਟੇ ਤਹਿਤ ਵੱਖ-ਵੱਖ ਵਿਭਾਗਾਂ 'ਚ ਭਰਤੀ ਕੀਤੇ ਜਾਣਗੇ।

## ਕਾਬੁਲ ਦੇ ਹਵਾਈ ਅੱਡੇ ਤੇ ਵੱਡਾ ਬੰਬ ਧਮਾਕਾ, ਕਈ ਲੋਕ ਹਲਾਕ

**ਨਵੀਂ ਦਿੱਲੀ/ਲੋਕ ਬਾਣੀ**

ਅਫਗਾਨਿਸਤਾਨ ਦੀ ਰਾਜਧਾਨੀ ਕਾਬੁਲ ਦੇ ਹਵਾਈ ਅੱਡੇ ਦੇ ਬਾਹਰ ਅੱਜ ਦੋ ਬੰਬ ਧਮਾਕੇ ਹੋਏ ਜਿਸ ਵਿੱਚ 100 ਤੋਂ ਵੱਧ ਲੋਕਾਂ ਦੇ ਅਪਾਹਜ ਹੋਣ ਜਾਂ ਮਰਨ ਦਾ ਖਦਸ਼ਾ ਹੈ। ਇਸੇ ਦੌਰਾਨ ਇਨ੍ਹਾਂ ਧਮਾਕਿਆਂ ਵਿੱਚ ਤਿੰਨ ਅਮਰੀਕੀ ਫੌਜੀਆਂ ਦੇ ਮਰਨ ਦੀ ਪੁਸ਼ਟੀ ਹੋਈ ਹੈ। ਵੇਰਵਿਆਂ ਅਨੁਸਾਰ ਪਹਿਲਾ ਧਮਾਕਾ ਹਵਾਈ ਅੱਡੇ ਨਜਦੀਕ ਬੈਰਨਜ ਹੋਟਲ ਨੇੜੇ ਹੋਇਆ। ਇਸੇ ਦੌਰਾਨ ਫਰਾਂਸ ਦੇ ਚੌਕਸੀ ਵਿਭਾਗ ਨੇ ਇੰਟਰਨੈੱਟ ਰਾਹੀਂ ਚਿਤਾਵਨੀ ਦਿੱਤੀ ਕਿ ਹਵਾਈ ਅੱਡੇ ਨੇੜੇ ਇਕ ਹੋਰ ਬੰਬ ਧਮਾਕਾ ਹੋ ਸਕਦਾ ਹੈ। ਇਸ ਮਗਰੋਂ ਹਵਾਈ ਅੱਡੇ ਦੇ ਗੇਟ 'ਤੇ ਮੁੜ ਬੰਬ ਧਮਾਕਾ ਹੋ ਗਿਆ। ਜਕਿਰਯੋਗ ਹੈ ਕਿ ਕਾਬੁਲ ਦਾ ਹਵਾਈ ਅੱਡਾ ਫਿਲਹਾਲ ਅਮਰੀਕੀ ਫੌਜ ਅਧੀਨ ਹੈ। ਇਸ ਧਮਾਕੇ ਮਗਰੋਂ ਇਟਲੀ ਦੇ ਇਕ ਮਿਲਟਰੀ ਜਹਾਜ 'ਤੇ ਉਸ ਵੇਲੇ ਫਾਇਰਿੰਗ ਕੀਤੀ ਗਈ ਜਦੋਂ ਉਹ ਕਾਬੁਲ ਹਵਾਈ ਅੱਡੇ ਤੋਂ ਉਡਾਨ ਭਰ ਰਿਹਾ ਸੀ। ਪਹਿਲਾ ਧਮਾਕਾ ਕੈਮਰੇ ਵਿੱਚ ਕੈਦ ਹੋ



ਗਿਆ ਹੈ ਤੇ ਬੈਰਨਜ ਹੋਟਲ ਨੇੜੇ ਧੂੰਏ ਦਾ ਗੁਬਾਰ ਉਪਰ ਹਵਾ ਵੱਲ ਉਠਦਾ ਦਿਖਾਈ ਦੇ ਰਿਹਾ ਹੈ। ਪੀਟੀਆਈ ਤੇ ਹੋਰਨਾਂ ਖਬਰ ਏਜੰਸੀਆਂ ਅਨੁਸਾਰ ਮਰਨ ਵਾਲਿਆਂ ਵਿੱਚ ਕੁਝ ਤਾਲਿਬਾਨ ਲੜਾਕੇ ਵੀ ਸ਼ਾਮਲ ਹਨ। ਇਹ ਜਾਣਕਾਰੀ ਤਾਲਿਬਾਨ ਦੇ ਇਕ ਅਧਿਕਾਰੀ ਨੇ ਦਿੱਤੀ ਹੈ। ਧਮਾਕੇ ਦੀ ਪੁਸ਼ਟੀ ਅਮਰੀਕਾ ਦੇ ਰੱਖਿਆ ਵਿਭਾਗ ਪੈਂਟਾਗਨ ਨੇ ਵੀ ਕੀਤੀ ਹੈ। ਪੈਂਟਾਗਨ ਦੇ ਬੁਲਾਰੇ ਜਾਨ ਕਿਰਬੀ ਨੇ ਦੱਸਿਆ ਕਿ ਇਹ ਧਮਾਕਾ ਆਤਮਘਾਤੀ ਹਮਲੇ ਨਾਲ ਵੀ ਕੀਤਾ ਹੋ ਸਕਦਾ ਹੈ। ਵਿਸਫੋਟ ਕਾਰਨ ਮਰਨ ਵਾਲਿਆਂ ਦੀ ਕੁੱਲ ਗਿਣਤੀ ਬਾਰੇ ਫਿਲਹਾਲ ਕੋਈ ਜਾਣਕਾਰੀ ਨਹੀਂ ਹੈ। ਇਸੇ ਦੌਰਾਨ ਜਖਮੀਆਂ ਵਿੱਚ ਤਿੰਨ ਅਮਰੀਕੀ ਸਰਵਿਸ ਦੇ ਮੈਂਬਰ ਵੀ ਸ਼ਾਮਲ ਹਨ। ਜਕਿਰਯੋਗ ਹੈ ਕਿ ਅਫਗਾਨਿਸਤਾਨ 'ਤੇ ਤਾਲਿਬਾਨ ਦੇ ਕਬਜੇ ਮਗਰੋਂ ਹਜਾਰਾਂ ਲੋਕ ਦੇਸ਼ ਛੱਡਣ ਦੀ ਕੋਸ਼ਿਸ਼ ਕਰ ਰਹੇ ਹਨ ਤੇ ਪਿਛਲੇ ਕਈ ਦਿਨਾਂ ਤੋਂ ਹਵਾਈ ਅੱਡੇ 'ਤੇ ਮੌਜੂਦ ਹਨ। ਪੱਛਮੀ ਦੇਸ਼ਾਂ ਨੇ ਪਹਿਲਾਂ ਹੀ ਹਵਾਈ ਅੱਡੇ 'ਤੇ ਹਮਲੇ ਦਾ ਖਦਸ਼ਾ ਜਤਾਇਆ ਸੀ। ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੂੰ ਘਟਨਾ ਬਾਰੇ ਸੂਚਨਾ ਦੇ ਦਿੱਤੀ ਗਈ ਹੈ। ਉਹ ਅਫਗਾਨਿਸਤਾਨ ਦੀ ਸਥਿਤੀ ਬਾਰੇ ਸੁਰੱਖਿਆ ਅਧਿਕਾਰੀਆਂ ਨਾਲ ਮੀਟਿੰਗ ਕਰ ਰਹੇ ਸਨ।


ਪੰਜਾਬ ਦੇ ਹਰ ਜ਼ਿਲ੍ਹੇ ਤੋਂ ਰੋਜ਼ਾਨਾ ਲੋਕ ਬਾਣੀ ਅਖ਼ਬਾਰ ਲਈ ਪੱਤਰਕਾਰਾਂ ਦੀ ਲੋੜ ਹੈ ਚਾਹਵਾਨ ਪੱਤਰਕਾਰ ਸੰਪਰਕ ਕਰਨ ਮੁੱਖ ਦਫਤਰ

ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 99155-94111


# 15 ਗ੍ਰਾਮ ਹੈਰੋਇਨ ਸਮੇਤ ਦੋ ਵਿਅਕਤੀ ਗ੍ਰਿਫਤਾਰ



**ਜਗਰਾਉਂ/ਅਰਜੁਨ ਸਹਿਜਪਾਲ**

ਆਈ.ਪੀ.ਐੱਸ.ਸੀਨੀਅਰ ਪੁਲਿਸ ਕਪਤਾਨ ਗੁਰਦਿਆਲ ਸਿੰਘ ਲੁਧਿਆਣਾ ਦਿਹਾਤੀ ਵੱਲੋਂ ਸਮਾਜ ਨੂੰ ਨਸਾ ਮੁਕਤ ਕਰਨ ਅਤੇ ਸਮਾਜ ਵਿਰੋਧੀ ਅਨਸਰਾਂ ਨੂੰ ਕਾਬੂ ਕਰਨ ਲਈ ਵਿੱਢੀ ਵਿਸੇਸ ਮੁਹਿੰਮ ਦੌਰਾਨ ਜਗਰਾਉਂ ਪੁਲਿਸ ਟੀਮ ਵੱਲੋਂ ਨਸਾ ਤਸਕਰਾਂ ਤੇ ਕਾਬੂ ਪਾਉਣ ਦੀ ਕੋਸਸਿ ਜਾਰੀ ਹੈ। ਇਸੇ ਦੌਰਾਨ ਕੱਲ ਜਗਰਾਉਂ ਪੁਲਿਸ ਟੀਮ ਵੱਲੋਂ ਹੈਰੋਇਨ ਦੀ ਸਪਲਾਈ ਕਰਨ ਵਾਲੇ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਗਿਆ। ਇਸ ਮਾਮਲੇ ਬਾਰੇ ਜਾਣਕਾਰੀ ਸਾਂਝੀ ਕਰਦਿਆਂ ਐੱਸ.ਆਈ. ਦਵਿੰਦਰ ਸਿੰਘ ਨੇ ਦੱਸਿਆ ਕਿ ਕੱਲ ਸਾਥੀ ਕਰਮਚਾਰੀਆਂ ਸਮੇਤ ਗਸਤ ਦੌਰਾਨ ਉਹਨਾਂ ਨੂੰ ਸੂਤਰਾਂ ਤੋਂ ਖਬਰ ਮਿਲੀ ਕਿ ਮੁਹੰਮਦ ਅਬਾਸ ਅਤੇ ਮੁਹੰਮਦ ਖਾਲਿਦ ਹੈਰੋਇਨ ਵੇਚਣ ਦੇ ਆਦੀ ਹਨ ਅਤੇ ਅੱਜ ਵੀ ਥਾਣੇ ਦੇ ਇਲਾਕੇ ਵਿੱਚ ਹੈਰੋਇਨ ਦੀ ਸਪਲਾਈ ਕਰਨ ਦੇ ਮਕਸਦ ਆਏ ਹੋਏ ਹਨ ਤੇ ਨਾਲ ਹੀ ਉਹਨਾਂ ਨੇ ਨਾਨਕਸਰ ਬਰਸੀ ਸਮਾਗਮ ਤੇ ਆਏ ਨੌਜਵਾਨਾਂ ਨੂੰ ਹੈਰੋਇਨ ਸਪਲਾਈ ਕਰਨੀ ਹੈ। ਇਸਤੇ ਪੁਲਿਸ ਟੀਮ ਵੱਲੋਂ ਤੁਰੰਤ ਰੇਡ ਕਰਕੇ ਮੁਹੰਮਦ ਅਬਾਸ ਅਤੇ ਮੁਹੰਮਦ ਖਾਲਿਦ ਉਕਤ ਨੂੰ ਭਾਰੀ ਮਾਤਰਾ ਵਿੱਚ ਹੈਰੋਇਨ ਸਮੇਤ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ। ਇਸ ਮਾਮਲੇ ਦੇ ਤਫਤੀਸੀ ਅਫਸਰ ਏ.ਐਸ.ਆਈ. ਸੁਰਜੀਤ ਸਿੰਘ ਨੇ ਜਾਣਕਾਰੀ ਦਿੱਤੀ ਕਿ ਦੋਸੀਆਂ ਕੋਲੋਂ ਮੌਕੇ ਤੇ 15 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ ਹੈ ਅਤੇ ਦੋਸੀਆਂ ਨੂੰ ਗ੍ਰਿਫਤਾਰ ਕਰਕੇ ਥਾਣਾ ਸਦਰ ਜਗਰਾਉਂ ਵਿਖੇ 21 ਐਨ. ਡੀ. ਪੀ. ਐਸ. ਐਕਟ ਦੇ ਤਹਿਤ ਮੁਕੱਦਮਾ ਦਰਜ ਕਰ ਲਿਆ ਗਿਆ ਹੈ।ਉਹਨਾਂ ਕਿਹਾ ਕਿ ਜਲਦੀ ਹੀ ਅਗਲੀ ਕਾਰਵਾਈ ਪੂਰੀ ਕਰਕੇ ਦੋਸੀਆਂ ਨੂੰ ਬਣਦੀ ਸਜਾ ਦਿੱਤੀ ਜਾਵੇਗੀ।

# ਬੈਂਕ ਵਿੱਚੋਂ ਕਰਜ਼ਾ ਦਿਵਾਉਣ ਦੇ ਨਾਂ ਤੇ ਮਾਰੀ ਲੱਖਾਂ ਦੀ ਠੱਗੀ



**ਮੋਗਾ/ਧਰਮਕੋਟ ਦਵਿੰਦਰ ਸਿੰਘ ਬਿੱਟੂ**

ਭੋਲੇ ਭਾਲੇ ਲੋਕਾਂ ਨੂੰ ਠੱਗਣ ਲਈ ਕਈ ਤਰ੍ਹਾਂ ਦੇ ਗਰੁੱਪ ਬਣੇ ਹਨ ਜੋ ਪਿੰਡ ਪਿੰਡ ਸ਼ਹਿਰ ਸ਼ਹਿਰ ਜਾ ਕੇ ਤਰ੍ਹਾਂ ਤਰ੍ਹਾਂ ਦੀਆਂ ਸਕੀਮਾਂ ਦਾ ਲਾਲਚ ਦੇ ਕੇ ਭੋਲੇ ਭਾਲੇ ਲੋਕਾਂ ਨੂੰ ਠੱਗ ਰਹੇ ਹਨ ਇਸੇ ਤਰ੍ਹਾਂ ਧਰਮਕੋਟ ਵਿਖੇ ਛਿੰਦਰ ਕੌਰ ਪਤਨੀ ਪਰਗਟ ਸਿੰਘ ਵਾਸੀ ਪੰਜਗਰਾਈਂ ਫਰੀਦਕੋਟ ਨੇ ਆ ਕੇ ਕਰਮਜੀਤ ਕੌਰ ਪਤਨੀ ਸੁਖਵਿੰਦਰ ਸਿੰਘ ਭਾਈ ਕਾ ਖੂਹ ਵਾਸੀ ਧਰਮਕੋਟ ਨੂੰ ਆਪਣੇ ਝਾਂਸੇ ਵਿੱਚ ਫਸਾ ਲਿਆ ਅਤੇ ਉਸ ਨੂੰ ਕਹਿਣ ਲੱਗੀ ਕਿ ਤੁਸੀਂ ਦੱਸ ਪੰਦਰਾਂ ਬੀਬੀਆਂ ਤਿਆਰ ਹੋ ਜਾਓ ਮੈਂ ਤੁਹਾਨੂੰ ਐੱਚ ਡੀ ਐੱਫ ਸੀ ਬੈਂਕ ਵਿੱਚੋਂ ਕਰਜਾ ਲੈ ਕੇ ਦੇਵਾਂਗੀ ਅਤੇ ਮੈਂ ਇੱਕ ਲੱਖ ਦਾ ਕਰਜਾ ਦਿਵਾਉਣ ਪਿੱਛੇ ਛੇ ਹਜ਼ਾਰ ਰੁਪਈਆ ਲਵਾਂਗੀ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਮਲਜੀਤ ਕੌਰ ਨੇ ਕਿਹਾ ਕਿ ਅਸੀਂ ਕੁੱਲ ਪੰਦਰਾਂ ਔਰਤਾਂ ਇਕੱਠੀਆਂ ਹੋ ਗਈਆਂ ਅਤੇ ਸਾਰਿਆਂ ਨੇ ਇਸ ਨੂੰ ਇਕੱਠੇ ਕਰਕੇ ਇੱਕ ਲੱਖ ਇਕੱਤੀ ਹਜਾਰ ਪੰਜ ਸੌ ਰੁਪਿਆ ਦੇ ਦਿੱਤਾ ਉਹਦੇ ਪਚੱਤਰ ਸੌ ਰੁਪਏ ਵੱਖਰੇ ਲੈ ਲਏ ਕਿ ਤੁਹਾਡੇ ਸਾਰਿਆਂ ਦੇ ਬੈਂਕ ਵਿੱਚ ਖਾਤੇ ਖੁਲ੍ਹਵਾਉਣੇ ਹਨ ਅਸੀਂ ਕਾਫ਼ੀ ਦੇਰ ਆਪਣੇ ਕਰਜੇ ਨੂੰ ਉਡੀਕਦੇ ਰਹੇ ਜਦੋਂ ਸਾਨੂੰ ਪਤਾ ਲੱਗਾ ਕਿ ਸਾਡੇ ਨਾਲ ਉਕਤ ਔਰਤ ਨੇ ਧੋਖਾ ਕੀਤਾ ਹੈ ਤਾਂ ਅਸੀਂ ਵਿੱਕੀ ਸਰਪੰਚ ਪੰਜਗਰਾਈ ਕਲਾਂ ਨੂੰ ਮਿਲੇ ਅਤੇ ਸਰਪੰਚ ਨੇ ਵਿੱਚ ਪੈ ਕੇ ਕਿਹਾ ਕਿ ਮੈਂ ਤੁਹਾਨੂੰ ਪੰਦਰਾਂ ਜੂਨ ਨੂੰ ਪੈਸੇ ਲੈ ਦੇਵਾਂਗਾ ਜਦੋਂ ਅਸੀਂ ਆਪਣੇ ਪੈਸੇ ਲੈਣ ਲਈ ਸ਼ਿੰਦਰ ਕੌਰ ਨੂੰ ਫੋਨ ਲਾਇਆ ਤਾਂ ਉਹ ਟਾਲ ਮਟੋਲ ਕਰਨ ਲੱਗੀ ਤਾਂ ਬਾਅਦ ਵਿੱਚ ਅਸੀਂ ਵਿੱਕੀ ਸਰਪੰਚ ਨੂੰ ਵੀ ਫੋਨ ਲਾਇਆ ਤਾਂ ਸਰਪੰਚ ਨੇ ਕਿਹਾ ਕਿ ਸ਼ਿੰਦਰ ਕੌਰ ਨਹੀਂ ਮੰਨਦੀ ਤੁਸੀਂ ਜੋ ਵੀ ਕਾਰਵਾਈ ਕਰਨੀ ਕਰ ਲਵੋ ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ ਸ਼ਿੰਦਰ ਕੌਰ ਨੇ ਉਨ੍ਹਾਂ ਦਾ ਭਰੋਸਾ ਜਿੱਤਣ ਲਈ ਦੋ ਚੈੱਕ ਐਚਡੀਐਫਸੀ ਬੈਂਕ ਦੇ ਦੱਸ ਦੱਸ ਲੱਖ ਦੇ ਦੇ ਦਿੱਤੇ ਕਮਲਜੀਤ ਕੌਰ ਨੇ ਕਿਹਾ ਕਿ ਅਸੀਂ ਇਹ ਦੋਨੋਂ ਚੈੱਕ ਐੱਸ ਬੀ ਆਈ ਬੈਂਕ ਵਿੱਚ ਆਪਣੇ ਖਾਤੇ ਵਿੱਚ ਲਾ ਦਿੱਤੇ ਪਰ ਦੋਵੇਂ ਚੈੱਕ ਬਾਊਂਸ ਹੋ ਗਏ ਇਨ੍ਹਾਂ ਉਕਤ ਔਰਤਾਂ ਨੇ ਕਿਹਾ ਕਿ ਅਸੀਂ ਇਸ ਸੰਬੰਧੀ ਥਾਣਾ ਧਰਮਕੋਟ ਵਿਖੇ ਛੇ ਅਗਸਤ ਨੂੰ ਪਹਿਲੀ ਦਰਖਾਸਤ ਦਿੱਤੀ ਸੀ ਜਦੋਂ ਪੁਲਸ ਨੇ ਕੋਈ ਕਾਰਵਾਈ ਨਾ ਕੀਤੀ ਤਾਂ ਅਸੀਂ ਦੁਬਾਰਾ ਫਿਰ ਤੇਈ ਅਗਸਤ ਨੂੰ ਥਾਣਾ ਧਰਮਕੋਟ ਵਿਖੇ ਦਰਖਾਸਤ ਦਿੱਤੀ ਪਰ ਪੁਲਸ ਨੇ ਕੋਈ ਵੀ ਕਾਰਵਾਈ ਨਹੀਂ ਕੀਤੀ ਇਨ੍ਹਾਂ ਉਕਤ ਔਰਤਾਂ ਨੇ ਮੰਗ ਕੀਤੀ ਹੈ ਕਿ ਸ਼ਿੰਦਰ ਕੌਰ ਦੇ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਸਾਡੇ ਪੈਸੇ ਸਮੇਤ ਵਿਆਜ ਵਾਪਸ ਕਰਵਾਏ ਜਾਣ ਕਿਉਂਕਿ ਅਸੀਂ ਅੱਗੋਂ ਵਿਆਜ ਤੇ ਚੁੱਕ ਕੇ ਪੈਸੇ ਦਿੱਤੇ ਸੀ ਜਦੋਂ ਇਸ ਸੰਬੰਧੀ ਪੱਤਰਕਾਰਾਂ ਨੇ ਥਾਣਾ ਧਰਮਕੋਟ ਐੱਸ ਐੱਚ ਓ ਨਾਲ ਸੰਪਰਕ ਕੀਤਾ ਤਾਂ ਉਨ੍ਹਾਂ ਕਿਹਾ ਕਿ ਅਸੀਂ ਕੋਈ ਕਾਰਵਾਈ ਨਹੀਂ ਕਰ ਸਕਦੇ ਇਹ ਕੋਰਟ ਵਿੱਚ ਜਾ ਕੇ ਆਪਣਾ ਕੇਸ ਲਾਉਣ।

# ਗੁਰੂਹਰਸਹਾਏ ਦੇ ਬਾਦਸਾਹ ਹੋਟਲ ’ਚ ਠੰਡੀ ਰੋਟੀ ਨੂੰ ਲੈ ਕੇ ਛਿੜਿਆ ਵਿਵਾਦ ਚੱਲਿਆ ਗੋਲੀਆਂ

**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਗੁਰੂਹਰਸਹਾਏ ਦੇ ਇਕ ਨਿਜੀ ਹੋਟਲ ਵਿੱਚ ਦਿਲ ਦਹਿਲਾਉਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਜਿੱਥੇ ਠੰਡੀ ਰੋਟੀ ਕਾਰਨ ਛਿੜੇ ਵਿਵਾਦ ਨੂੰ ਲੈ ਕੇ ਹੋਟਲ ਮਾਲਕ ਵੱਲੋਂ ਗੋਲੀਆਂ ਚਲਾਏ ਜਾਣ ਤੇ ਇਕ ਵਿਅਕਤੀ ਦੀ ਮੌਕੇ ਤੇ ਹੀ ਮੌਤ ਹੋ ਗਈ। ਜਦੋਂ ਕਿ ਦੂਸਰੀ ਗੋਲੀ ਇਕ ਔਰਤ ਨੂੰ ਲੱਗੀ ਜਿਸ ਨੂੰ ਫਿਰੋਜਪੁਰ ਦੇ ਇਕ ਹਸਪਤਾਲ ਚ ਦਾਖਲ ਕਰਵਾਏ ਜਾਣ ਤੋਂ ਬਾਅਦ ਲੁਧਿਆਣਾ ਰੈਫਰ ਕੀਤਾ ਗਿਆ ਜਿੱਥੇ ਕਿ ਉਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ।




ਦਰਾਸਲ ਮਾਮਲਾ ਇਹ ਹੈ ਕੇ ਬੀਤੀ ਰਾਤ ਗੁਰੂ ਹਰ ਸਹਾਏ ਦੇ ਬਾਦਸਾਹ ਹੋਟਲ ਅੰਦਰ ਚੱਲ ਰਹੀ ਕਿਟੀ ਪਾਰਟੀ ਦੌਰਾਨ ਠੰਡੀ ਰੋਟੀ ਨੂੰ ਲੈ ਕੇ ਵਿਵਾਦ ਖੜਾ ਹੋ ਗਿਆ। ਤਕਰਾਰ ਏਨਾ ਜਿਆਦਾ ਵੱਧ ਗਿਆ ਹੈ ਹੋਟਲ ਮਾਲਕ ਨੇ ਤੈਸ ਵਿੱਚ ਆ ਕੇ ਗੋਲੀਆਂ ਚਲਾਉਣੀਆਂ ਸੁਰੂ ਕਰ ਦਿੱਤੀਆਂ ਜਿਸ ਨਾਲ ਇਕ ਵਿਅਕਤੀ ਦੀ ਮੌਕੇ ਤੇ ਹੀ ਮੌਤ ਹੋ ਗਈ ਇਸ ਤਕਰਾਰ ਦੁਰਾਨ ਇਕ ਔਰਤ ਨੂੰ ਵੀ ਗੋਲੀਆਂ ਲੱਗੀਆਂ ਜਿਸ ਦੀ ਹਾਲਤ ਗੰਭੀਰ ਦੱਸੀ ਜਾ ਰਹੀ ਹੈ ਪੁਲਸ ਅਨੁਸਾਰ ਦੋਸੀ ਖਿਲਾਫ ਕਤਲ ਦਾ ਮਾਮਲਾ ਦਰਜ ਕਰਕੇ ਦੋਸੀ ਦੀ ਭਾਲ ਕੀਤੀ ਜਾ ਰਹੀ ਹੈ।

# 7ਵੇਂ ਮੈਗਾ ਰੋਜ਼ਗਾਰ ਮੇਲੇ ਦੌਰਾਨ ਨੌਜਵਾਨਾਂ ਨੂੰ ਪ੍ਰਦਾਨ ਕੀਤੀਆਂ ਜਾਣਗੀਆਂ 15000 ਤੋਂ ਵੱਧ ਨੌਕਰੀਆਂ




**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਵੱਲੋਂ ‘ਘਰ-ਘਰ ਰੋਜ਼ਗਾਰ’ ਮਿਸ਼ਨ ਤਹਿਤ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਜਿਥੇ ਮੈਗਾ ਰੋਜ਼ਗਾਰ ਮੇਲੇ ਲਗਾਏ ਜਾ ਰਹੇ ਹਨ ਉਥੇ ਬੈਂਕਾਂ ਰਾਹੀਂ ਕਰਜ਼ੇ ਮੁਹੱਈਆ ਕਰਵਾ ਕੇ ਸਵੈ ਰੋਜ਼ਗਾਰ ਲਈ ਵੀ ਰਾਹ ਪੱਧਰਾ ਕੀਤਾ ਜਾ ਰਿਹਾ ਹੈ।

ਇਸੇ ਲੜੀ ਤਹਿਤ ਜ਼ਿਲ੍ਹਾ ਜਲੰਧਰ ਵਿਖੇ 9 ਤੋਂ 17 ਸਤੰਬਰ 2021 ਤੱਕ 7ਵਾਂ ਮੈਗਾ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ, ਜਿਸ ਸਬੰਧੀ ਅੱਜ ਡਿਪਟੀ ਕਮਿਸ਼ਨਰ ਸ਼੍ਰੀ ਘਨਸ਼ਿਆਮ ਥੋਰੀ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ ਗਈ, ਜਿਸ ਵਿੱਚ ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਵਿੱਚ ਅਗਲੇ ਮਹੀਨੇ ਮੈਗਾ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ ਅਤੇ ਇਸ ਵਿੱਚ ਨੌਜਵਾਨਾਂ ਨੂੰ 15000 ਹਜ਼ਾਰ ਵੱਧ ਨੌਕਰੀਆਂ ਪ੍ਰਦਾਨ ਕੀਤੇ ਜਾਣ ਦਾ ਟੀਚਾ ਨਿਰਧਾਰਿਤ ਕੀਤਾ ਗਿਆ ਹੈ।ਉਨ੍ਹਾਂ ਸਮੂਹ ਅਧਿਕਾਰੀਆਂ ਨੂੰ ਅਸਾਮੀਆਂ ਇਕੱਤਰ ਸਬੰਧੀ ਟੀਚਿਆਂ ਦੀ ਵੰਡ ਕਰਦਿਆਂ ਆਪੋ-ਆਪਣੇ ਵਿਭਾਗਾਂ ਨਾਲ ਸਬੰਧਤ ਪ੍ਰਾਈਵੇਟ ਏਜੰਸੀਆਂ/ਅਦਾਰਿਆਂ ਪਾਸੋਂ ਵੱਧ ਤੋਂ ਵੱਧ ਅਸਾਮੀਆਂ ਇਕੱਤਰ ਕਰਨ ਲਈ ਕਿਹਾ ਤਾਂ ਜੋ ਇਹ ਅਸਾਮੀਆਂ ਰੋਜ਼ਗਾਰ ਮੇਲੇ ਦੌਰਾਨ ਨੌਜਵਾਨਾਂ ਨੂੰ ਆਫਰ ਕੀਤੀਆਂ ਜਾ ਸਕਣ ਅਤੇ ਵੱਧ ਤੋਂ ਵੱਧ ਨੌਜਵਾਨਾਂ ਨੂੰ ਰੋਜ਼ਗਾਰ ਦੇ ਅਵਸਰ ਪ੍ਰਦਾਨ ਕਰ ਕੇ ਉਨ੍ਹਾਂ ਨੂੰ ਆਤਮ ਨਿਰਭਰ ਬਣਨ ਵਿੱਚ ਮਦਦ ਕੀਤੀ ਜਾ ਸਕੇ। ਉਨ੍ਹਾਂ ਇਸ ਮੌਕੇ ਜਿਥੇ ਸਿਵਲ ਸਰਜਨ ਨੂੰ ਪ੍ਰਾਈਵੇਟ ਹਸਪਤਾਲਾਂ ਨਾਲ ਸਲਾਹ ਮਸਵਰਾ ਕਰਨ ਅਤੇ ਉਨ੍ਹਾਂ ਨੂੰ ਲੋੜੀਂਦੀ ਕਿਰਤ ਸ਼ਕਤੀ ਦੀ ਸੂਚੀ ਤਿਆਰ ਕਰਨ ਲਈ ਕਿਹਾ ਉਥੇ ਜੀ.ਐਮ.ਡੀ.ਆਈ.ਸੀ. ਅਤੇ ਡਿਪਟੀ ਡਾਇਰੈਕਟਰ ਫੈਕਟਰੀਜ਼ ਨੂੰ ਵੀ ਉਦਯੋਗਿਕ ਇਕਾਈਆਂ ਵਿੱਚ ਲੋੜੀਂਦੇ ਕਰਮਚਾਰੀਆਂ ਦਾ ਵੇਰਵਾ ਇਕੱਤਰ ਕਰਨ ਲਈ ਕਿਹਾ ਤਾਂ ਜੋ ਬੇਰੋਜਗਾਰ ਨੌਜਵਾਨਾਂ ਨੂੰ ਰੋਜ਼ਗਾਰ ਦੇ ਵਧੇਰੇ ਮੌਕੇ ਪ੍ਰਦਾਨ ਕੀਤੇ ਜਾ ਸਕਣ। ਸ਼੍ਰੀ ਥੋਰੀ ਨੇ ਅੱਗੇ ਦੱਸਿਆ ਕਿ 9 ਸਤੰਬਰ ਨੂੰ ਗੁਰੂ ਨਾਨਕ ਕਾਲਜ ਨਕੋਦਰ, 10 ਸਤੰਬਰ ਨੂੰ ਜਲ੍ਹਿਾ ਰੋਜਗਾਰ ਅਤੇ ਕਾਰੋਬਾਰ ਬਿਊਰੋ, ਜਲੰਧਰ, 13 ਸਤੰਬਰ ਨੂੰ ਸੀਟੀ ਗਰੁੱਪ ਆਫ ਇੰਸਟੀਚਿਊਟ ਸਾਹਪੁਰ, 15 ਸਤੰਬਰ ਨੂੰ ਜਨਤਾ ਕਾਲਜ ਕਰਤਾਰਪੁਰ ਅਤੇ 17 ਸਤੰਬਰ ਨੂੰ ਬੀ.ਡੀ.ਪੀ.ਓ. ਦਫਤਰ ਭੋਗਪੁਰ ਵਿਖੇ ਰੋਜ਼ਗਾਰ ਮੇਲੇ ਲਗਾਏ ਜਾਣਗੇ, ਜਿਥੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਵੱਖ-ਵੱਖ ਨਾਮੀ ਕੰਪਨੀਆਂ ਵੱਲੋਂ ਸ਼ਿਰਕਤ ਕੀਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਪੇਂਡੂ ਆਬਾਦੀ ਨੂੰ ਰਾਜ ਸਰਕਾਰ ਦੀ ਇਸ ਮਹੱਤਵਪੂਰਨ ਯੋਜਨਾ ਦਾ ਬਰਾਬਰ ਲਾਭ ਦਿਵਾਉਣ ਲਈ ਪੇਂਡੂ ਖੇਤਰ ਵਿੱਚ ਵਧੇਰੇ ਕੈਂਪ ਲਗਾਏ ਜਾਣਗੇ।

# ਭੋਜੋਵਾਲੀ ਤੋਂ ਕਿਸਾਨਾਂ ਦਾ ਜੱਥਾ ਦਿੱਲੀ ਲਈ ਰਵਾਨਾ

**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਪਿੰਡ ਭੋਜੋਵਾਲੀ ਤੋ ਵੱਡੀ ਗਿਣਤੀ ਵਿੱਚ ਆਜਾਦ ਕਿਸਾਨ ਸੰਘਰਸ ਕਮੇਟੀ ਦਾ ਜਥਾ ਦਿੱਲ੍ਹੀ ਨੂੰ ਰਵਾਨਾ ਹੋਇਆ।ਇਸ ਮੌਕੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਰਣਜੀਤ ਸਿੰਘ ਪਵਾਰ ਨੇ ਗਲਬਾਤ ਦੌਰਾਨ ਦੱਸਿਆ ਕਿ ਜਿਵੇਂ ਗਨੇ ਦੇ ਮੁੱਲ ਵਿਚ ਵਾਧਾ ਹੋਇਆ ਹੈ ਤੇ ਪੰਜਾਬ ਸਰਕਾਰ ਨੂੰ ਕਿਸਾਨਾਂ ਦੇ ਅੱਗੇ ਝੁਕਣਾ ਪਿਆ ਹੈ।ਓਵੇਂ ਹੀ ਕੇਂਦਰ ਸਰਕਾਰ ਵੀ ਕਿਸਾਨਾਂ ਦੇ ਅੱਗੇ ਝੁਕੇਗੀ।ਅਤੇ ਕਿਸਾਨ ਹਰ ਹਾਲਤ ਵਿੱਚ ਕਾਲੇ ਕਾਨੂੰਨਾਂ ਨੂੰ ਵਾਪਸ ਲਿਆਉਣਗੇ, ਪਵਾਰ ਨੇ ਕਿਹਾ ਕਿ ਏ ਕਾਲੇ ਕਨੂੰਨ ਕਿਸਾਨ ਵਿਰੋਧੀ ਹਨ ਅਸੀਂ ਕਾਲੇ ਕਾਨੂੰਨਾ ਦੇ ਵਿਰੋਧ ਵਿੱਚ ਖੜੇ ਆ, ਪੰਜਾਬ ਵਿੱਚ ਕਾਲੇ ਕਾਨੂੰਨ ਲਾਗੂ ਨਹੀਂ ਹੋਣ ਦਿੱਤੇ ਜਾਣਗੇ ,ਓਨਾ ਕਿਹਾ ਕਿ ਮੋਦੀ ਵਿਰੁੱਧ ਜੋ ਵੀ ਜਥੇਬੰਦੀਆਂ ਫੈਸਲਾ ਲੈਣਗੀਆਂ ਅਸੀਂ ਆਪਣੇ ਪਿੰਡ ਵੱਲੋਂ ਪੂਰਾ ਸਾਥ ਦਿਆਂਗੇ,



ਇਸ ਮੌਕੇ ਓਨਾ ਨਾਲ ਕਿਸਾਨ ਆਗੂ ਦਿਲਬਾਗ ਸਿੰਘ ਭੋਜੋਵਾਲੀ, ਪ੍ਰਕਾਸ ਸਿੰਘ ਨੰਬਰਦਾਰ, ਮੁਖਤਾਰ ਸਿੰਘ ਮੈਂਬਰ,ਪਾਲ ਸਿੰਘ,ਸੁਰਿੰਦਰ ਸਿੰਘ,ਹਰਜੀਤ ਸਿੰਘ,ਹਰਦੀਪ ਸਿੰਘ,ਗੁਰਦੇਵ ਸਿੰਘ,ਬਿੰਦਰ ਸਿੰਘ,ਜਗਰੂਪ ਸਿੰਘ, ਰਛਪਾਲ ਸਿੰਘ,ਮਨਜੀਤ ਸਿੰਘ ਆਦਿ ਹਾਜਰ ਸਨ।

# ਆਜ਼ਾਦੀ ਤੋਂ ਬਾਅਦ ਸਰਕਾਰਾਂ ਅੱਜ ਤਕ ਵਿਕਾਸ ਦੇ ਮੁੱਦਿਆਂ ਤੇ ਹੀ ਚੋਣਾਂ ਲੜਦੀਆਂ ਆ ਰਹੀਆਂ ਹਨ : ਪਿੰਡ ਵਾਸੀ

## ਪਿੰਡ ਦਾ ਵਿਕਾਸ ਜ਼ੋਰਾਂ ਸ਼ੋਰਾਂ ਤੇ ਚੱਲ ਰਿਹਾ ਹੈ : ਸਰਪੰਚ ਅਜਮੇਰ ਸਿੰਘ





**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਤਰਨਤਾਰਨ ਜ਼ਿਲੇ ਦੇ ਅਧੀਨ ਆਉਂਦੇ ਪਿੰਡ ਢੋਟੀਆਂ ਤੋਂ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਕਿ ਮੀਡੀਆ ਨਾਲ ਗੱਲਬਾਤ ਹੋਏ ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਧਰਨੇ ਲਾਹੁਣ ਲਈ ਮਜਬੂਰ ਹੋ ਚੁੱਕੇ ਹਾਂ 73 ਸਾਲਾਂ ਦੀ ਆਜਾਦੀ ਤੋਂ ਬਾਅਦ ਵੀ ਅਸੀਂ ਪਿੰਡ ਪੱਧਰਾਂ ਤੇ ਗੁਲਾਮ ਹੋ ਕੇ ਰਹਿ ਚੁੱਕੇ ਹਾਂ ਜਿਹੜਾ ਲੀਡਰ ਆਉਂਦਾ ਹੈ ਵਿਕਾਸ ਦੇ ਨਾਂ ਤੇ ਵੋਟਾਂ ਇਕੱਠੀਆਂ ਕਰਦਾ ਹੈ ਪਰ ਪਿੰਡ ਦਾ ਕੋਈ ਵੀ ਵਿਕਾਸ ਨਹੀਂ ਕਰਦਾ ਪਿੰਡ ਢੋਟੀਆਂ ਵਿਚ ਪਿਛਲੇ ਲੰਮੇ ਸਮੇਂ ਤੋਂ ਵਿਕਾਸ ਨਹੀਂ ਹੋਇਆ ..ਪਿੰਡ ਦੀਆਂ ਗਲੀਆਂ ਵਿੱਚ ਜੋ ਨਾਲੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਵਿਚ ਕੂੜਾ ਕਰਕਟ ਫਸਿਆ ਹੋਇਆ ਹੈ ਸੀਵਰੇਜ ਬੰਦ ਪਏ ਹਨ ਪਾਣੀ ਦਾ ਨਿਕਾਸ ਕਿਸੇ ਪਾਸੇ ਵੀ ਨਹੀਂ ਹੈ ਜਦੋਂ ਅਸੀਂ ਪਿੰਡ ਦਾ ਪਾਣੀ ਖੇਤਾਂ ਵੱਲ ਕੱਢਦੇ ਹਾਂ ਤਾਂ ਕਿਸਾਨਾਂ ਨਾਲ ਵੀ ਸਾਡੀ ਲੜਾਈ ਹੁੰਦੀ ਹੈ ਕਿਸਾਨ ਕਹਿੰਦੇ ਹਨ ਕਿ ਸਾਡੇ ਖੇਤਾਂ ਵੱਲ ਪਾਣੀ ਨਾ ਭੇਜੋ ਜ਼ਿਆਦਾ ਪਾਣੀ ਆਉਣ ਨਾਲ ਸਾਡੀ ਫ਼ਸਲ ਖ਼ਰਾਬ ਹੁੰਦੀ ਹੈ ..ਜੋ ਪਿੰਡ ਦੇ ਛੱਪੜ ਹਨ ਉਨ੍ਹਾਂ ਦੀ ਵੀ ਕੋਈ ਵੀ ਸਫਾਈ ਨਹੀਂ ਕਰਵਾਈ ਜਾ ਰਹੀ .ਪਿੰਡ ਵਾਸੀ ਕਹਿੰਦੇ ਹਨ ਕਿ ਹਲਕਾ ਵਿਧਾਇਕ ਵੱਲੋਂ ਇਹ ਗੱਲ ਕਹੀ ਗਈ ਹੈ ਕਿ ਇਸ ਪਿੰਡ ਨੂੰ 2 ਕਰੋੜ ਤੋਂ ਵੱਧ ਰਾਸ਼ੀ ਮੁਹੱਈਆ ਕਰਵਾਈ ਗਈ ਹੈ ਸੋਚਣ ਵਾਲੀ ਤਾਂ ਗੱਲ ਇਹ ਹੈ ਕਿ ਉਹ ਪੈਸੇ ਕਿੱਥੇ ਗਏ ਹਨ ..ਜੇਕਰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਗੱਲ ਕਰੀਏ ਤਾਂ ਆਟਾ ਦਾਲ ਸਕੀਮਾਂ ਦਾ ਵੀ ਪੂਰੇ ਗ਼ਰੀਬ ਪਿੰਡ ਵਾਸੀਆਂ ਨੂੰ ਲਾਭ ਨਹੀਂ ਮਿਲ ਰਿਹਾ ..ਪਿੰਡ ਦੇ ਆਲੇ ਦੁਆਲੇ ਗੰਦਗੀ ਦੇ ਢੇਰ ਲੱਗੇ ਹਨ ਪਿੰਡ ਦੀ ਪੰਚਾਇਤ ਨੂੰ ਸਾਫ ਸਫਾਈ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ।

ਇਸ ਮਾਮਲੇ ਸਬੰਧੀ ਜਦ ਸਰਪੰਚ ਅਜਮੇਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਸਰਪੰਚ ਬਣੇ ਅਜੇ 2 ਸਾਲ ਹੀ ਹੋਏ ਹਨ ਮੇਰੇ ਵੱਲੋਂ ਪਿੰਡ ਦਾ ਵਿਕਾਸ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹੈ . ਜੋ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਥੜ੍ਹੇ ਬਣਾਏ ਹਨ ਜਿਨ੍ਹਾਂ ਕਰਕੇ ਪਾਣੀ ਅੱਗੇ ਨਹੀਂ ਲੰਘ ਰਿਹਾ ਇਸ ਪਾਣੀ ਦੇ ਮੁੱਦੇ ਤੇ ਸਿਆਸਤ ਹੋ ਰਹੀ ਹੈ ਅਸੀਂ ਪੂਰੇ ਪਿੰਡ ਦਾ ਵਿਕਾਸ ਕਰਵਾ ਰਹੇ ਹਾਂ ।

# ਪੰਜਾਬ ਸਰਕਾਰ ਨੇ ਮੁਲਾਜ਼ਮਾਂ ਲਈ 1500 ਕਰੋੜ ਰੁਪਏ ਦਾ ਕੀਤਾ ਐਲਾਨ

**ਚੰਡੀਗੜ੍ਹ/ਲੋਕ ਬਾਣੀ :** ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਸੂਬੇ ਦੇ ਸਰਕਾਰੀ ਮੁਲਾਜ਼ਮਾਂ ਲਈ ਹੋਰ 1500 ਕਰੋੜ ਰੁਪਏ ਦੇ ਗੱਫੇ ਦਾ ਐਲਾਨ ਕੀਤਾ ਹੈ। ਜਿਸ ਨਾਲ ਕਰਮਚਾਰੀ ਵੇਤਨ/ਪੈਨਸ਼ਨ ਵਿਚ 15 ਫ਼ੀਸਦੀ ਦੇ ਘੱਟੋ-ਘੱਟ ਵਾਧੇ ਦੇ ਨਾਲ ਕਰਮਚਾਰੀ ਵੇਤਨ/ਪੈਨਸ਼ਨ 'ਚ ਔਸਤ ਵਾਧਾ 1.05 ਲੱਖ ਸਾਲਾਨਾ ਹੋਵੇਗਾ। ਮੁੱਖ ਮੰਤਰੀ ਨੇ ਵਿਭਾਗਾਂ ਦੇ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਮੁਲਾਜ਼ਮਾਂ ਦੀਆਂ ਉਚਿੱਤ ਸ਼ਿਕਾਇਤਾਂ ਨੂੰ ਹੱਲ ਕੀਤਾ ਜਾਵੇ ਪ੍ਰੰਤੂ ਫਿਰ ਵੀ ਵਿਰੋਧ ਜਾਰੀ ਰਹਿੰਦਾ ਤਾਂ ਸਖ਼ਤ ਕਦਮ ਚੁੱਕੇ ਜਾਣ ਲਈ ਕਿਹਾ ਗਿਆ ਹੈ।

# ਕੋਵਿਡਸ਼ੀਲਡ ਦੀਆਂ ਦੋਵਾਂ ਖ਼ੁਰਾਕਾਂ 'ਚ 84 ਦਿਨਾਂ ਦੇ ਅੰਤਰਾਲ 'ਤੇ ਕੀਤਾ ਜਾ ਰਿਹੈ ਦੁਬਾਰਾ ਵਿਚਾਰ : ਸਰਕਾਰੀ ਸੂਤਰ

**ਨਵੀਂ ਦਿੱਲੀ/ਲੋਕ ਬਾਣੀ :** ਸਰਕਾਰੀ ਸੂਤਰਾਂ ਅਨੁਸਾਰ ਇਸ ਸਾਲ ਤੀਸਰੀ ਵਾਰ ਕੋਵਿਡਸ਼ੀਲਡ ਲਈ 84 ਦਿਨਾਂ ਦੀ ਖ਼ੁਰਾਕ ਦੇ ਅੰਤਰ ਦੀ ਸਮੀਖਿਆ ਕੀਤੀ ਜਾ ਰਹੀ ਹੈ। ਸੂਤਰਾਂ ਅਨੁਸਾਰ ਕੋਵਿਡਸ਼ੀਲਡ ਦੀਆਂ ਦੋ ਖ਼ੁਰਾਕਾਂ ਵਿਚਕਾਰ ਦੇ ਅੰਤਰ ਨੂੰ ਘੱਟ ਕਰਨ 'ਤੇ ਵਿਚਾਰ ਕੀਤਾ ਜਾ ਰਿਹਾ ਹੈ।

# ਦਿੱਲੀ-ਕੱਟੜਾ-ਜੰਮੂ-ਅੰਮ੍ਰਿਤਸਰ ਐਕਸਪ੍ਰੈੱਸ ਵੇਅ ਲਈ ਸਰਵੇ ਕਰ ਰਹੀ ਟੀਮ ਦਾ ਕਿਸਾਨਾਂ ਨੇ ਕੀਤਾ ਵਿਰੋਧ

**ਸੁਲਤਾਨਪੁਰ ਲੋਧੀ/ਲੋਕ ਬਾਣੀ :** ਭਾਰਤ ਮਾਲਾ ਪ੍ਰੋਜੈਕਟ ਤਹਿਤ ਬਣ ਰਹੇ ਦਿੱਲੀ-ਜੰਮੂ-ਕੱਟੜਾ-ਅੰਮ੍ਰਿਤਸਰ ਐਕਸਪ੍ਰੈੱਸ ਵੇਅ ਲਈ ਬਲਾਕ ਸੁਲਤਾਨਪੁਰ ਲੋਧੀ ਦੇ ਪਿੰਡ ਕਾਲਰੂ, ਰੰਗੀਲਪੁਰ ਅਤੇ ਮਸੀਤਾਂ ਨੇੜੇ ਸਰਵੇ ਕਰ ਟੀਮ ਦਾ ਕਿਸਾਨਾਂ ਨੇ ਜ਼ੋਰਦਾਰ ਵਿਰੋਧ ਕਰਦਿਆਂ ਵਾਪਸ ਮੋੜ ਦਿੱਤਾ। ਇਸ ਮੌਕੇ ਕਿਸਾਨਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਕਿ ਜਿੰਨ੍ਹਾ ਚਿਰ ਨੈਸ਼ਨਲ ਹਾਈਵੇ ਅਥਾਰਿਟੀ ਉਨ੍ਹਾਂ ਨੂੰ ਜ਼ਮੀਨਾਂ ਦਾ ਪੂਰਾ ਮੁੱਲ ਨਹੀਂ ਦਿੰਦੇ, ਇਸ ਪ੍ਰਾਜੈਕਟ ਨੂੰ ਕਿਸੇ ਵੀ ਹਾਲਤ ਵਿਚ ਸ਼ੁਰੂ ਨਹੀਂ ਹੋਣ ਦੇਣਗੇ। ਇਸ ਮੌਕੇ ਕਿਸਾਨਾਂ ਨੇ ਸਰਕਾਰ ਵਿਰੁੱਧ ਜ਼ੋਰਦਾਰ ਨਾਅਰੇਬਾਜ਼ੀ ਕੀਤੀ।

# ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਕੋਲੋਂ ਅਸਤੀਫ਼ਾ ਮੰਗਣ ਵਾਲਿਆਂ ਦੀ 'ਮੈਂ ਕਿਹੜਾ ਵਕੀਲ ਆਂ' : ਬੀਬੀ ਭੱਠਲ

**ਖਨੌਰੀ/ਲੋਕ ਬਾਣੀ :** ਸੂਬੇ ਦੀ ਸਾਬਕਾ ਮੁੱਖ ਮੰਤਰੀ ਅਤੇ ਪੰਜਾਬ ਪਲਾਨਿੰਗ ਬੋਰਡ ਦੀ ਵਾਈਸ ਚੇਅਰਪਰਸਨ ਬੀਬੀ ਰਾਜਿੰਦਰ ਕੌਰ ਭੱਠਲ ਨੇ ਨਵਜੋਤ ਸਿੰਘ ਸਿੱਧੂ ਧੜੇ ਦੇ ਕੁੱਝ ਕੁ ਮੰਤਰੀਆਂ ਅਤੇ ਵਿਧਾਇਕਾਂ ਵਲੋਂ ਕੈਪਟਨ ਅਮਰਿੰਦਰ ਸਿੰਘ ਦਾ ਅਸਤੀਫ਼ਾ ਮੰਗੇ ਜਾਣ ਦੇ ਸਵਾਲ ਤੇ ਤਨਜ਼ ਕਸਦਿਆਂ ਹੋਇਆਂ ਕਿਹਾ ਕਿ ਉਹ ਕਿਉਂ ਉਨ੍ਹਾਂ ਬਾਰੇ ਗੱਲ ਕਰਨ ਉਹ ਕਿਹੜਾ ਉਨ੍ਹਾਂ ਦੀ ਵਕੀਲ ਹਨ। ਬੀਬੀ ਭੱਠਲ ਅੱਜ ਨਗਰ ਪੰਚਾਇਤ ਦਫ਼ਤਰ ਖਨੌਰੀ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ।

# ਪ੍ਰਸ਼ਾਸਨ ਵੱਲੋਂ ਪ੍ਰਾਈਡ ਆਫ਼ ਪੰਜਾਬ ਪ੍ਰੋਗਰਾਮ ਤਹਿਤ 19 ਸਾਲਾ ਰਾਵੀ ਗੁਲਜ਼ਾਰ ਨੂੰ ਕੀਤਾ ਸਨਮਾਨਿਤ




**ਲੁਧਿਆਣਾ/ਕਰਨ ਅਗਰਵਾਲ**

ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਅੱਜ ਪ੍ਰਾਈਡ ਆਫ਼ ਪੰਜਾਬ ਪ੍ਰੋਗਰਾਮ ਤਹਿਤ ਖੰਨਾ ਸਬ-ਡਵੀਜ਼ਨ ਦੇ ਪਿੰਡ ਇਕੋਲਾਹਾ ਦੀ 19 ਸਾਲਾ ਰਾਵੀ ਗੁਲਜ਼ਾਰ ਨੂੰ ਆਪਣੇ ਪਿੰਡ ਵਿੱਚ ਮੁਹਿੰਮ ਚਲਾ ਕੇ ਸਥਾਨਕ ਪੰਚਾਇਤ ਦੀ ਸਹਾਇਤਾ ਨਾਲ ਸਮਾਜਿਕ ਅਤੇ ਬੁਨਿਆਦੀ ਢਾਂਚੇ ਵਿੱਚ ਤਬਦੀਲੀਆਂ ਲਿਆਉਣ ਲਈ ਸਨਮਾਨਿਤ ਕੀਤਾ।

ਇੱਕ ਵਰਚੁਅਲ ਪ੍ਰੋਗਰਾਮ ਵਿੱਚ ਹਿੱਸਾ ਲੈਂਦੇ ਹੋਏ, ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਸ੍ਰੀ ਅਮਿਤ ਕੁਮਾਰ ਪੰਚਾਲ ਨੇ ਰਾਵੀ ਗੁਲਜ਼ਾਰ ਨੂੰ 100 ਪ੍ਰਤੀਸ਼ਤ ਕੋਵਿਡ ਟੀਕਾਕਰਣ, ਕੋਵਿਡ ਟੈਸਟਿੰਗ, ਪਿੰਡ ਵਿੱਚ ਸਾਰੇ ਯੋਗ ਵਿਅਕਤੀਆਂ ਨੂੰ ਬੁਢਾਪਾ ਪੈਨਸ਼ਨ ਲਈ ਨਾਮ ਦਰਜ ਕਰਾਉਣੇ, ਸੋਲਰ ਸਟਰੀਟ ਲਾਈਟਾਂ ਲਗਾਉਣ, ਪਿੰਡ ਦੇ ਸਰਪੰਚ ਅਤੇ ਸਥਾਨਕ ਪੰਚਾਇਤ ਨਾਲ ਮਿਲ ਕੇ ਪਿੰਡ ਦੇ ਛੱਪੜਾਂ ਦੀ ਸਫਾਈ ਅਤੇ ਹੋਰ ਸਮਾਜਕ ਕਾਰਜ਼ਾਂ ਲਈ ਲਈ ਪ੍ਰਸ਼ੰਸਾ ਪੱਤਰ ਸੌਂਪਿਆ।

ਉਨ੍ਹਾਂ ਰਾਵੀ ਦੇ ਪਿੰਡ ਵਿੱਚ ਸੁਧਾਰਕ ਤਬਦੀਲੀਆਂ ਵਿੱਚ ਪਿੰਡ ਦੀ ਪੰਚਾਇਤ ਦੇ ਨਾਲ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਨ ਦੇ ਯਤਨਾਂ ਦੀ ਵੀ ਸ਼ਲਾਘਾ ਕੀਤੀ। ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਪੰਜਾਬ ਸਰਕਾਰ ਨੌਜਵਾਨਾਂ ਦੀ ਬੇਅੰਤ ਊਰਜ਼ਾ ਨੂੰ ਸਕਾਰਾਤਮਕ ਦਿਸ਼ਾ ਵੱਲ ਲਿਜਾਣ ਲਈ ਬੇਹੱਦ ਸੰਵੇਦਨਸ਼ੀਲ ਹੈ। ਸ੍ਰੀ ਪੰਚਾਲ ਨੇ ਕਿਹਾ ਕਿ ਪ੍ਰਾਈਡ ਆਫ਼ ਪੰਜਾਬ ਪ੍ਰੋਗਰਾਮ ਯੁਵਕ ਸੇਵਾਵਾਂ ਅਤੇ ਖੇਡ ਵਿਭਾਗ ਅਤੇ ਯੂਵਾਹ - ਯੂਨੀਸੇਫ ਦੀ ਸਾਂਝੀ ਪਹਿਲਕਦਮੀ, ਯੂ.ਐਨ. ਦੀਆਂ ਹੋਰ ਏਜੰਸੀਆਂ, ਸਿਵਲ ਸੁਸਾਇਟੀ ਸੰਗਠਨਾਂ ਅਤੇ ਪ੍ਰਾਈਵੇਟ ਸੈਕਟਰ ਦੇ ਰੂਪ ਵਿੱਚ ਸ਼ੁਰੂ ਕੀਤਾ ਗਿਆ ਸੀ। ਉਨ੍ਹਾਂ ਕਿਹਾ ਕਿ ਨੌਜਵਾਨਾਂ ਵਿੱਚ ਅਸੀਮ ਸਮਰੱਥਾ ਹੈ ਜੋ ਕਿ ਪੰਜਾਬ ਦੇ ਵਿਕਾਸ ਵਿੱਚ ਮਦਦਗਾਰ ਸਿੱਧ ਹੋ ਸਕਦੀ ਹੈ। ਰਾਵੀ ਨੇ ਖੁਸ਼ ਲਹਿਜ਼ੇ ਵਿੱਚ ਪੰਜਾਬ ਸਰਕਾਰ ਅਤੇ ਜ਼ਿਲਾ ਪ੍ਰਸ਼ਾਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਇਹ ਸਨਮਾਨ ਉਸ ਨੂੰ ਉਸਦੇ ਦੇ ਕੰਮਾਂ ਨੂੰ ਅੱਗੇ ਵਧਾਉਣ ਲਈ ਹੋਰ ਪ੍ਰੇਰਿਤ ਕਰੇਗਾ।

ਰਾਵੀ ਪ੍ਰੋਗਰਾਮ ਦੇ ਤਹਿਤ ਚੁਣੇ ਗਏ 27 ਨੌਜਵਾਨਾਂ ਵਿੱਚ ਸ਼ਾਮਲ ਹੈ. ਉਹ ਈ.ਟੀ.ਟੀ. ਵਿੱਚ ਡਿਪਲੋਮਾ ਕਰ ਰਹੀ ਹੈ ਅਤੇ ਖੇਲੋ ਇੰਡੀਆ ਗੇਮਜ਼ ਅਧੀਨ ਕਰਾਟੇ ਗੇਮ ਵਿੱਚ ਪੰਜਾਬ ਦੀ ਪ੍ਰਤੀਨਿਧਤਾ ਵੀ ਕਰ ਚੁੱਕੀ ਹੈ।

# ਅਰਬਨ ਅਸਟੇਟ ਫੇਜ਼-2 ਵਿਖੇ 40 ਲੱਖ ਰੁਪਏ ਦੀ ਲਾਗਤ ਵਾਲੇ ਵਿਕਾਸ ਕਾਰਜ਼ਾਂ ਦਾ ਉਦਘਾਟਨ



**ਲੁਧਿਆਣਾ/ਸੁਖਚੈਨ ਮਹਿਰਾ**

ਸੀਨੀਅਰ ਕਾਂਗਰਸੀ ਆਗੂ ਸ.ਕਮਲਜੀਤ ਸਿੰਘ ਕੜਵਲ ਅਤੇ ਨਗਰ ਨਿਗਮ ਕੌਂਸਲਰ ਸ. ਹਰਕਰਨ ਸਿੰਘ ਵੈਦ ਵੱਲੋਂ ਅੱਜ ਅਰਬਨ ਅਸਟੇਟ ਫੇਜ਼-2 ਇਲਾਕੇ ਵਿੱਚ 40 ਲੱਖ ਰੁਪਏ ਦੇ ਲਾਗਤ ਵਾਲੇ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।

ਇਨ੍ਹਾਂ ਕਾਰਜਾਂ ਵਿੱਚ ਫੁਟਪਾਥ, ਵਾਕਿੰਗ ਟ੍ਰੈਕ ਅਤੇ ਸੁੰਦਰੀਕਰਨ ਅਤੇ ਦੋ ਪਾਰਕਾਂ ਵਿੱਚ ਛਤਰੀਆਂ ਦਾ ਨਿਰਮਾਣ ਸ਼ਾਮਲ ਹੈ। ਸਮਾਗਮ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਸ.ਕਮਲਜੀਤ ਸਿੰਘ ਕੜਵਲ ਅਤੇ ਸ.ਹਰਕਰਨ ਸਿੰਘ ਵੈਦ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਦੂਰਅੰਦੇਸ਼ੀ ਅਤੇ ਗਤੀਸ਼ੀਲ ਅਗਵਾਈ ਹੇਠ ਸੂਬਾ ਸਰਕਾਰ ਲੁਧਿਆਣਾ ਦੇ ਵਿਕਾਸ ਪ੍ਰੋਜੈਕਟਾਂ ਨੂੰ ਹੁਲਾਰਾ ਦੇਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਇਹ ਕੰਮ ਆਧੁਨਿਕ ਲੀਹਾਂ 'ਤੇ ਸ਼ਹਿਰ ਦੇ ਸਰਵਪੱਖੀ ਵਿਕਾਸ ਨੂੰ ਯਕੀਨੀ ਬਣਾਉਣਗੇ।

ਉਨ੍ਹਾਂ ਅੱਗੇ ਕਿਹਾ ਕਿ ਪੰਜਾਬ ਸਰਕਾਰ ਸ਼ਹਿਰ ਦੇ ਲੋਕਾਂ ਨੂੰ ਵਿਸ਼ਵ ਪੱਧਰੀ ਸ਼ਹਿਰੀ ਬੁਨਿਆਦੀ ਢਾਂਚਾ ਮੁਹੱਈਆ ਕਰਵਾਉਣ ਲਈ ਹਰ ਸੰਭਵ ਯਤਨ ਕਰ ਰਹੀ ਹੈ ਅਤੇ ਕਿਹਾ ਕਿ ਨਗਰ ਨਿਗਮ ਲੁਧਿਆਣਾ ਪਹਿਲਾਂ ਹੀ ਸ਼ਹਿਰ ਵਿੱਚ ਕਰੋੜਾਂ ਰੁਪਏ ਦੇ ਵਿਕਾਸ ਕਾਰਜ ਕਰਵਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਸ਼ਹਿਰ ਦਾ ਉੱਚ ਪੱਧਰੀ ਵਿਕਾਸ ਪੰਜਾਬ ਸਰਕਾਰ ਦੀ ਮੁੱਢਲੀ ਜ਼ਿੰਮੇਵਾਰੀ ਹੈ ਅਤੇ ਵਿਕਾਸ ਕਾਰਜਾਂ ਲਈ ਫੰਡਾਂ ਦੀ ਕਦੇ ਵੀ ਕਮੀ ਨਹੀਂ ਆਉਣ ਦਿੱਤੀ ਜਾਵੇਗੀ। ਇਸ ਮੌਕੇ ਪ੍ਰਮੁੱਖ ਤੌਰ ਤੇ ਪ੍ਰਧਾਨ ਸੁਖਮਨੀ ਸਾਹਿਬ ਗੁਰਦੁਆਰਾ ਕਮੇਟੀ ਸ.ਅਰਵਿੰਦਰ ਸਿੰਘ ਸੰਧੂ, ਸ੍ਰੀ ਕਮਲ ਸ਼ਰਮਾ, ਸ.ਹਰਪ੍ਰੀਤ ਸਿੰਘ ਸਵੱਦੀ, ਸ੍ਰੀ ਅਕਸ਼ੇ ਢਾਂਡਾ, ਸ੍ਰੀ ਰਾਕੇਸ਼ ਗੁਲਾਟੀ, ਸ੍ਰੀ ਗੋਵਰਧਨ ਸ਼ਰਮਾ, ਸ੍ਰੀ ਸਚਿਨ ਮਨਚੰਦਾ, ਸ.ਇੰਦਰਜੀਤ ਸਿੰਘ ਚਾਵਲਾ, ਸ.ਅਮਰ ਸਿੰਘ ਚਾਵਲਾ, ਸ.ਗੁਰਮੀਤ ਸਿੰਘ, ਸ.ਪ੍ਰੀਤਮ ਸਿੰਘ, ਸ੍ਰੀ ਜਵਾਹਰ ਲਾਲ, ਸ.ਹਰਕੀਰਤ ਸਿੰਘ, ਸ.ਜਸਵੰਤ ਸਿੰਘ, ਸ੍ਰੀ ਭਾਰਤ ਭੂਸ਼ਣ ਮਹਾਜਨ, ਪ੍ਰੋਫੈਸਰ ਬਲਦੇਵ ਸਿੰਘ ਅਤੇ ਹੋਰ ਹਾਜ਼ਰ ਸਨ।



# ਆਪਣੇ ਹਿੱਸੇ ਦੀ ਪੰਚਾਇਤੀ ਜਮੀਨ ਲੈਣ ਲਈ ਦਿਨ-ਰਾਤ ਖੇਤ ਵਿਚ ਧਰਨੇ ਤੇ ਬੈਠੇ ਨੇ ਪਿੰਡ ਮਸਾਣੀਆਂ ਦੇ ਦਲਿਤ ਭਾਈਚਾਰੇ ਦੇ ਲੋਕ

**■ ਪੇਂਡੂ ਮਜਦੂਰ ਯੂਨੀਅਨ ਦਾ ਵਫਦ ਜਿਲ੍ਹਾ ਪੰਚਾਇਤ ਅਤੇ ਵਿਕਾਸ ਅਫਸਰ ਨੂੰ ਮਿਲਿਆ**

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਦਲਿਤ ਭਾਈਚਾਰੇ ਦੀ ਬਿਹਤਰੀ ਲਈ ਸਮੁੱਚੀਆਂ ਹਾਕਮ ਪਾਰਟੀਆਂ ਵੱਲੋਂ ਵੱਡੇ ਵੱਡੇ ਦਾਅਵੇ ਕੀਤੇ ਜਾ ਰਹੇ ਹਨ।ਪਰ ਜਮੀਨੀ ਹਕੀਕਤਾਂ ਬਿਆਨ ਕਰਦੀਆਂ ਹਨ ਕਿ ਆਜਾਦੀ ਦੇ 74 ਵਰੇ ਬੀਤ ਜਾਣ ਤੋਂ ਬਾਅਦ ਦਲਿਤ ਭਾਈਚਾਰੇ ਲਈ ਬਣਾਏ ਕਾਨੂੰਨ ਸਿਰਫ ਕਾਗਜਾਂ ਤੱਕ ਸੀਮਤ ਹਨ। ਭਾਵੇਂ ਗੁਰਦਾਸਪੁਰ ਜਲ੍ਹਿ ਵਿੱਚ ਐਸ ਸੀ ਭਾਈਚਾਰੇ ਨਾਲ ਸਬੰਧਤ ਇਕ ਕੈਬਨਿਟ ਮੰਤਰੀ ਅਤੇ ਇੱਕ ਐਮ ਐਲ ਏ ਹੈ ਪਰ ਬਟਾਲਾ ਤੋਂ ਤਿੰਨ ਕਿਲੋਮੀਟਰ ਦੂਰ ਸਥਿਤ ਪਿੰਡ ਮਸਾਣੀਆਂ ਦੀ ਪੰਚਾਇਤੀ ਜਮੀਨ ਦੀ ਐਸ ਸੀ ਭਾਈਚਾਰੇ ਦੇ ਤੀਜੇ ਹਿੱਸੇ ਦੀ ਜਮੀਨ ਦੀ ਡੰਮੀ ਬੋਲੀ ਰੱਦ ਕਰਵਾਉਣ ਲਈ ਪੇਂਡੂ ਮਜਦੂਰ ਯੂਨੀਅਨ ਵੱਲੋਂ ਪੰਚਾਇਤੀ ਜਮੀਨ ਵਿਚ ਲਗਾਏ ਧਰਨੇ ਦੇ ਗਿਆਰਾਂ ਦਿਨ ਹੋਣ ਦੇ ਬਾਵਜੂਦ ਵੀ ਜਲ੍ਹਿਾ ਪ੍ਰਸਾਸਨ ਵੱਲੋਂ ਡੰਮੀ ਬੋਲੀ ਰੱਦ ਕਰਕੇ ਦਲਿਤਾਂ ਨੂੰ ਇਨਸਾਫ ਦਿਵਾਉਣ ਲਈ ਅੱਗੇ ਨਹੀਂ ਆ ਰਿਹਾ ਹੈ। ਅੱਜ ਜਥੇਬੰਦੀ ਵੱਲੋਂ ਸ੍ਰੀ ਰਾਜ ਕੁਮਾਰ ਜਲ੍ਹਿਾ ਪ੍ਰਧਾਨ ਦੀ ਅਗਵਾਈ ਹੇਠ ਜਲ੍ਹਿਾ ਪੰਚਾਇਤ ਅਤੇ ਵਿਕਾਸ ਅਫਸਰ ਨੂੰ ਮਸਲੇ ਦਾ ਹੱਲ ਕਰਨ ਲਈ ਮੰਗ ਪੱਤਰ ਉਨ੍ਹਾਂ ਦੀ ਗੈਰ ਹਾਜਰੀ ਵਿੱਚ ਸਹਾਇਕ ਡੀ ਡੀ ਪੀ ਓ ਮੈਡਮ ਰਾਜਬੀਰ ਕੌਰ ਨੂੰ ਦਿੱਤਾ।ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਮੇਜਰ ਸਿੰਘ ਕੋਟ ਟੋਡਰ ਮੱਲ ਨੇ ਕਿਹਾ ਕਿ ਪਿੰਡ ਮਸਾਣੀਆਂ ਵਿਖੇ ਪੰਚਾਇਤ ਦੀ ਸੱਤ ਕਿਲੇ ਜਮੀਨ ਜੋ ਕਿ ਐਸ ਸੀ ਭਾਈਚਾਰੇ ਲਈ ਖੇਤੀ ਕਰਨ ਵਾਸਤੇ ਰਾਖਵੀ ਹੈ ਉਸ ਉਤੇ ਪਿੰਡ ਦੇ ਧਨਾਡ ਜਨਰਲ ਵਰਗ ਦੇ ਲੋਕਾਂ ਨੂੰ ਡੰਮੀ ਵਿਅਕਤੀ ਖੜ੍ਹਾ ਕਰਕੇ ਕਬਜਾ ਕਰ ਲਿਆ ਹੈ। ਜਦੋਂ ਕਿ ਐਸ ਸੀ ਭਾਈਚਾਰੇ ਵੱਲੋਂ ਸਾਂਝੀ ਖੇਤੀ ਕਰਕੇ ਆਪਣਾ ਗੁਜਾਰਾ ਕਰਨ ਦਾ ਪ੍ਰੋਗਰਾਮ ਉਲੀਕਿਆ ਹੈ। ਇਹ ਵਰਨਣ ਯੋਗ ਹੈ ਕਿ ਪੰਚਾਇਤੀ ਜਮੀਨ ਵਿਚੋਂ ਐਸ ਸੀ ਭਾਈਚਾਰੇ ਲਈ ਤੀਸਰਾ ਹਿੱਸਾ ਰਾਖਵਾਂ ਹੈ।ਜਥੇਬੰਦੀ ਦੇ ਜਰਨਲ ਸਕੱਤਰ ਜਰਨੈਲ ਸਿੰਘ ਝਬਕਰਾ ਨੇ ਕਿਹਾ ਕਿ ਜਥੇਬੰਦੀ ਵੱਲੋਂ ਸਾਰਾ ਮਾਮਲਾ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਸਾਰਾ ਮਾਮਲਾ ਲਿਆਂਦਾ ਗਿਆ ਹੈ। । ਜਥੇਬੰਦੀ ਵੱਲੋਂ ਜਲ੍ਹਿਾ ਪ੍ਰਸਾਸਨ ਨੂੰ ਚੇਤਾਵਨੀ ਦਿਤੀ ਹੈ ਕਿ ਜੇ ਡੰਮੀ ਬੋਲੀ ਰੱਦ ਨਾ ਕੀਤੀ ਤਾਂ ਉਹ ਪਰਿਵਾਰਾਂ ਸਮੇਤ ਡੀ ਸੀ ਦਫਤਰ ਗੁਰਦਾਸਪੁਰ ਅੱਗੇ ਧਰਨਾ ਲਾਉਣਗੇ।

# ਮੈਡੀਕਲ ਕੈਂਪ ਵਿਚ 190 ਵਿਅਕਤੀਆਂ ਨੂੰ ਲਗਾਈ ਗਈ ਵੈਕਸੀਨ ਅਤੇ 31 ਲੋੜਵੰਦ ਮਰੀਜਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ



**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**

ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਲੱਮ ਏਰੀਆ, ਫਤਿਹਗੜ੍ਹ ਚੂੜੀਆਂ ਰੋਡ, ਬਟਾਲਾ ਵਿਖੇ ਲੋੜਵੰਦ ਲੋਕਾਂ ਦੀ ਸਹਲੂਤ ਲਈ ਲਗਾਏ ਗਏ ਚੋਥੇ ਮੈਡੀਕਲ ਜਾਂਚ ਕੈਂਪ ਜਿਥੇ 31 ਮਰੀਜਾਂ ਦੀ ਜਾਂਚ ਕਰਕੇ ਉਨਾਂ ਨੂੰ ਮੁਫ਼ਤ ਦਵਾਈਆਂ ਵੰਡੀਆਂ ਗਈਆਂ, ਉਸਦੇ ਨਾਲ-ਨਾਲ 190 ਵਿਅਕਤੀਆਂ ਨੂੰ ਕੋਵਿਡ ਵਿਰੋਧੀ ਵੈਕਸੀਨ ਵੀ ਲਗਾਈ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਰਾਜੀਵ ਕੁਮਾਰ, ਸੈਕਰਟਰੀ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਨੇ ਦੱਸਿਆ ਕਿ ਜਿਲਾ ਪ੍ਰਸ਼ਾਸਨ, ਸਿਹਤ ਵਿਭਾਗ ਅਤੇ ਰੈੱਡ ਕਰਾਸ ਸੁਸਾਇਟੀ ਦੇ ਸਾਂਝੇ ਯਤਨਾਂ ਸਦਕਾ ਲੋੜਵੰਦ ਲੋਕਾਂ ਦੀ ਸਿਹਤ ਸੰਭਾਲ ਲੈ ਕੇ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ, ਜਿਸ ਵਿਚ ਲੋੜਵੰਦ ਵਿਅਕਤੀਆਂ ਵਲੋਂ ਸਿਹਤ ਜਾਂਚ ਕਰਵਾ ਕੇ ਮੁਫਤ ਦਵਾਈਆਂ ਵੰਡੀਆਂ ਗਈਆਂ।

ਉਨਾਂ ਅੱਗੇ ਦੱਸਿਆ ਕਿ ਇਸ ਦੇ ਨਾਲ ਜ਼ਿਲਾ ਰੈੱਡ ਕਰਾਸ ਸੁਸਾਇਟੀ ਗੁਰਦਾਸਪੁਰ ਅਤੇ ਮੈਡੀਕਲ ਟੀਮ ਦੇ ਮੈਂਬਰਾਂ ਵਲੋਂ ਲੋਕਾਂ ਨੂੰ ਕੋਰੋਨਾ ਬਿਮਾਰੀ ਤੋਂ ਬਚਾਅ ਲਈ ਜਾਗਰੂਕ ਕੀਤਾ ਗਿਆ ਅਤੇ ਉਨਾਂ ਨੂੰ ਕੋਵਿਡ ਵਿਰੋਧੀ ਵੈਕਸੀਨ ਲਈ ਉਤਸ਼ਾਹਤ ਕੀਤਾ ਗਿਆ। ਉਨਾਂ ਦੱਸਿਆ ਕਿ ਇਸ ਮੌਕੇ 190 ਵਿਅਕਤੀਆਂ ਵਲੋਂ ਕੋਵਿਡ ਵਿਰੋਧੀ ਵੈਕਸੀਨ ਲਗਾਈ ਗਈ। ਮੁਫ਼ਤ ਮੈਡੀਕਲ ਕੈਂਪ ਵਿਚ ਦਵਾਈ ਲੈਣ ਆਏ ਮਰੀਜਾਂ ਨੇ ਕਿਹਾ ਕਿ ਡਿਪਟੀ ਕਮਿਸ਼ਨਰ ਵਲੋਂ ਸ਼ੁਰੂ ਕੀਤਾ ਇਹ ਉਪਰਾਲਾ ਬਹੁਤ ਵਧੀਆਂ ਹੈ, ਇਸ ਨਾਲ ਲੋੜਵੰਦ ਲੋਕਾਂ ਨੂੰ ਬਹੁਤ ਸਹੂਲਤ ਮਿਲ ਰਹੀ ਹੈ।

# ਸੇਵਾ ਕੇਂਦਰਾਂ ’ਚ ਦੋ ਹੋਰ ਸੇਵਾਵਾਂ ਦਾ ਹੋਇਆ ਵਾਧਾ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**



ਪੰਜਾਬ ਸਰਕਾਰ ਦੇ ਪ੍ਰਸ਼ਾਸਕੀ ਸੁਧਾਰ ਤੇ ਲੋਕ ਸ਼ਿਕਾਇਤਾਂ ਮਾਮਲੇ ਵਿਭਾਗ ਅਤੇ ਈ-ਗਵਰਨੈਂਸ ਸੁਸਾਇਟੀ ਵੱਲੋਂ ਸੇਵਾ ਕੇਂਦਰਾਂ ‘ਚ ਵਪਾਰੀਆਂ ਦੀ ਸਹੂਲਤ ਲਈ ਦੋ ਹੋਰ ਸੇਵਾਵਾਂ ਦਾ ਵਾਧਾ ਕਰ ਦਿੱਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆ ਡਿਪਟੀ ਕਮਿਸ਼ਨਰ ਜਨਾਬ ਮੁਹੰਮਦ ਇਸ਼ਫਾਕ ਨੇ ਦੱਸਿਆ ਕਿ ਜ਼ਿਲ੍ਹੇ ਦੇ 40 ਸੇਵਾ ਕੇਂਦਰਾਂ ‘ਚ ਹੁਣ ਨਵੇਂ ਅਤੇ ਨਵਿਆਉਣ ਯੋਗ (ਰੀਨਿਊ) ਟਰੇਡ ਲਾਇਸੈਂਸ ਦੀਆਂ ਸੇਵਾਵਾਂ ਵੀ ਸ਼ੁਰੂ ਕਰ ਦਿੱਤੀਆਂ ਗਈਆਂ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਸੇਵਾ ਕੇਂਦਰਾਂ ਵਿੱਚ ਲੋਕਾਂ ਨੂੰ ਪ੍ਰਸ਼ਾਸਕੀ ਸੇਵਾਵਾਂ ਬਿਹਤਰ ਢੰਗ ਨਾਲ ਪ੍ਰਦਾਨ ਕਰਨ ਦੀ ਆਪਣੀ ਵਚਨਬੱਧਤਾ ਤਹਿਤ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਸਰਕਾਰ ਨੇ ਸਥਾਨਕ ਸਰਕਾਰਾਂ ਵਿਭਾਗ ਵੱਲੋਂ ਦਿੱਤੇ ਜਾਂਦੇ ਟਰੇਡ ਲਾਇਸੈਂਸ ਦੀ ਸੇਵਾ ਵੀ ਹੁਣ ਗੁਰਦਾਸਪੁਰ ਜ਼ਿਲ੍ਹੇ ਦੇ ਸਾਰੇ ਸੇਵਾ ਕੇਂਦਰ ‘ਚ ਸ਼ੁਰੂ ਕਰ ਦਿੱਤੀ ਹੈ। ਉਨ੍ਹਾਂ ਦੱਸਿਆ ਕਿ ਹੁਣ ਵਪਾਰੀ ਆਪਣਾ ਨਵਾਂ ਟਰੇਡ ਲਾਇਸੈਂਸ ਜਾ ਫੇਰ ਰੀਨਿਊ ਕਰਵਾਉਣ ਲਈ ਆਪਣੇ ਨੇੜਲੇ ਸੇਵਾ ਕੇਂਦਰ ਨਾਲ ਸੰਪਰਕ ਕਰ ਸਕਦੇ ਹਨ।

# ਸੰਯੁਕਤ ਕਿਸਾਨ ਮੋਰਚੇ ਦੇ ਸੰਘਰਸ ਦੀ ਹੋਈ ਜਿੱਤ : ਕਿਸਾਨ ਆਗੂ ਰਣਜੀਤ ਸਿੰਘ

**ਗੁਰਦਾਸਪੁਰ-ਨਵਨੀਤ ਕੁਮਾਰ/ਮੰਗੋਤਰਾ ਸਾਬ**

ਸੰਯੁਕਤ ਕਿਸਾਨ ਮੋਰਚੇ ਵੱਲੋਂ ਧੰਨੋਵਾਲੀ ਫਾਟਕ ਨੇੜੇ ਰਾਮਾ ਮੰਡੀ ਜਲੰਧਰ ਵਿੱਖੇ ਅਣਮਿੱਥੇ ਸਮੇਂ ਲਈ ਲਗਾਏ ਗਏ ਧਰਨੇ ਕਾਰਨ ਗੰਨੇ ਦੀ ਫਸਲ ਦੇ ਰੇਟ ਵਿੱਚ ਪ੍ਰਤੀ ਇੱਕ ਕੁਵਿੰਟਲ ਪਿੱਛੇ 50 ਰੂ ਦਾ ਵਾਧਾ ਹੋ ਗਿਆ ਹੈ ,ਜੋ ਕਿ ਸੰਯੁਕਤ ਕਿਸਾਨ ਮੋਰਚੇ ਦੀ ਵੱਡੀ ਜਿੱਤ ਹੋਈ ਹੈ । ਇਹਨਾਂ ਸਬਦਾਂ ਦਾ ਪ੍ਰਗਟਾਵਾ ਕਿਸਾਨ ਆਗੂ ਰਣਜੀਤ ਸਿੰਘ ਰਾਣਾ ਪਿੰਡ ਕਠਿਆਲੀ ਵੱਲੋਂ ਕੀਤਾ ਗਿਆ ਹੈ । ਇਸ ਸਮੇਂ ਕਿਸਾਨ ਆਗੂ ਰਣਜੀਤ ਸਿੰਘ ਰਾਣਾ ਵੱਲੋਂ ਕਿਹਾ ਕਿ ਕਿਸਾਨ ਭਰਾਵਾਂ ਦੇ ਸੰਘਰਸ ਸਦਕਾ ਇਹ ਵੱਡੀ ਜਿੱਤ ਹੋਈ ਹੈ,ਇਸੇ ਤਰ੍ਹਾ ਹੀ ਦਿੱਲੀ ਬੈਠੀਆਂ ਕਿਸਾਨ ਜਥੇਬੰਦੀਆਂ ਦੀ ਵੀ ਬਹੂਤ ਜਲਦ ਵੱਡੀ ਜਿੱਤ ਹੋਵੇਗੀ । ਰਾਣਾ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦਾ ਵੀ ਤਹਿਦਿਲੋਂ ਧੰਨਵਾਦ ਕੀਤਾ ,ਜਿੰਨਾ ਕਿਸਾਨ ਭਰਾਵਾਂ ਦੀ ਇਸ ਜਾਇਜ ਮੰਗ ਨੂੰ ਪੂਰਾ ਕੀਤਾ ।

# ਮਾਣਯੋਗ ਭਾਰਤ ਚੋਣ ਕਮਿਸ਼ਨ ਵਲੋਂ ਫੋਟੋ ਵੋਟਰ ਸੂਚੀ ਦੀ ਸਪੈਸ਼ਲ ਸਮਰੀ ਰੀਵੀਜ਼ਨ ਪ੍ਰੋਗਰਾਮ ਜਾਰੀ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ**



ਸ੍ਰੀ ਰਾਹੁਲ ਵਧੀਕ ਡਿਪਟੀ ਕਮਿਸ਼ਨਰ -ਕਮ-ਵਧੀਕ ਜ਼ਿਲ੍ਹਾ ਚੋਣ ਅਫਸਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮਾਣਯੋਗ ਭਾਰਤ ਚੋਣ ਕਮਿਸ਼ਨ ਵਲੋਂ ਫੋਟੋ ਵੋਟਰ ਸੂਚੀ ਦੀ ਸਪੈਸ਼ਲ ਸਮਰੀ ਰੀਵੀਜ਼ਨ ਪ੍ਰੋਗਰਾਮ ਜਾਰੀ ਕੀਤਾ ਗਿਆ ਹੈ। ਉਨਾਂ ਅੱਗੇ ਦੱਸਿਆ ਕਿ ਪ੍ਰੀ-ਰੀਵੀਜ਼ਨ ਗਤੀਵਿਧੀਆਂ ਤਹਿਤ 9 ਅਗਸਤ ਤੋਂ 09 ਸਤੰਬਰ 2021 ਤਕ ਬੀ.ਐਲ.ਓਜ਼ ਵਲੋਂ ਘਰ-ਘਰ ਜਾ ਵੈਰੀਫਿਕੇਸ਼ਨ ਕੀਤੀ ਜਾਵੇਗੀ ਅਤੇ ਫਾਰਮ ਨੰਬਰ 6ਏ, 7, 8 ਅਤੇ 8ਏ ਫਾਰਮ ਜਮ੍ਹਾ ਕਰਵਾਉਣਗੇ। 15 ਸਤੰਬਰ 2021 ਨੂੰ ਮਲਟੀਪਲਾਈ ਐਂਟਰੀਆਂ, ਲੋਜ਼ੀਕਲ ਐਰਰ ਨੂੰ ਖਾਰਜ ਕੀਤਾ ਜਾਵੇਗਾ, 15 ਸਤੰਬਰ ਨੂੰ ਫਾਰਮ ਡਿਜ਼ੀਟੇਸ਼ਨ ਕੀਤੇ ਜਾਣਗੇ, 09 ਅਗਸਤ ਤੋਂ 15 ਸਤੰਬਰ 2021 ਤਕ ਪੋਲਿੰਗ ਸਟੇਸ਼ਨਾਂ ਦੀ ਰੈਸ਼ਨੇਲਾਈਜੇਸ਼ਨ, 18 ਸਤੰਬਰ ਤੋਂ 20 ਸਤੰਬਰ 2021 ਤਕ ਕੰਟਰੋਲ ਟੇਬਲ ਡਾਟਾ, ਇਲੈਕਟੋਰ ਮੂਵਮੈਂਟ ਡਟੈਲ ਦੀ ਆਰਜ਼ੀ ਤੋਰ ਤੇ ਰਿਪੋਰਟ ਪ੍ਰਾਪਤ ਕਰਨਗੇ, 22 ਸਤੰਬਰ ਨੂੰ ਮਾਣਯੋਗ ਭਾਰਤ ਚੋਣ ਕਮਿਸ਼ਨਰ ਵਲੋਂ ਜ਼ਿਲੇ ਦੀਆਂ ਸਾਰੇ ਵਿਧਾਨ ਸਭਾ ਹਲਕੇ 117 ਦੇ ਪੋਲਿੰਗ ਸਟੇਸ਼ਨ ਦੀ ਰੈਸ਼ਨਲਾਈਜੇਸ਼ਨ ਦੀ ਪ੍ਰਵਾਨਗੀ ਦੇਣਗੇ, ਉਨਾਂ ਅੱਗੇ ਦੱਸਿਆ ਕਿ 23 ਸਤੰਬਰ 2021 ਨੂੰ ਰੀਵੀਜ਼ਨ ਤਹਿਤ ਪ੍ਰਾਪਤ ਫਾਰਮ ਡਿਸਪੋਜ਼ ਕੀਤੇ ਜਾਣਗੇ, 24 ਸਤੰਬਰ 2021 ਨੂੰ ਨੈਸ਼ਨਲ ਡਾਟਾਬੇਸ ਤੋਂ ਸਟੇਟ ਡਾਟਾਬੇਸ ਵਲੋਂ ਪ੍ਰਾਪਤ ਐਰੋਨੈਟ ਡਾਟਾ ਦੀ ਕਾਰਵਾਈ ਕੀਤੀ ਜਾਵੇਗੀ, 25 ਸਤੰਬਰ ਨੂੰ ਡਾਟਾ ਵੈਰੀਫਿਕੇਸ਼ਨ ਹੋਵੇਗੀ, 27 ਸਤੰਬਰ ਨੂੰ ਪੀਡੀਐਫ ਫਾਈਲਜ਼, 28 ਸਤੰਬਰ 2021 ਤੋਂ 30 ਸਤੰਬਰ 2021 ਨੂੰ ਈ.ਆਰ.ਓ ਵਲੋਂ ਸੀਐਲਏ ਨੂੰ ਪ੍ਰਾਪਤ ਰਿਪੋਰਟਸ ਜਨਰੇਟ ਕੀਤੀਆਂ ਜਾਣਗੀਆਂ, 01 ਅਕਤੂਬਰ 2021 ਨੂੰ ਈ.ਆਰ.ਓ ਵਲੋਂ ਕੰਟਰੋਲ ਟੇਬਲ ਡਾਟਾ, ਇਲੈਕਟੋਰ ਮੂਵਮੈਂਟ, ਨਜ਼ਰੀ ਮੇਪ ਦੀ ਰਿਪੋਰਟ ਪ੍ਰਾਪਤ ਕਰਨ ਦੀ ਆਖਰੀ ਮਿਤੀ ਹੋਵੇਗੀ, 1 ਅਕਤੂਬਰ 2021 ਨੂੰ ਵੋਟਰ ਸੂਚੀ ਪ੍ਰਿੰਟਿੰਗ ਦੀ ਅਪਡੇਟ ਕੀਤੀ ਜਾਵੇਗੀ, 2 ਅਕਤੂਬਰ ਤੋਂ 15 ਅਕਤੂਬਰ 2021 ਤਕ ਰੈਸ਼ਨਲਾਈਜੇਸ਼ਨ ਅਤੇ ਇੰਟੀਗਰੇਸ਼ਨ ਦੀ ਪ੍ਰਕਿਰਿਆ ਹੋਵੇਗੀ, 10 ਅਕਤੂਬਰ ਤੋਂ 19 ਅਕਤੂਬਰ 2021 ਨੂੰ ਈ.ਆਰ.ਓਜ਼ ਵਲੋਂ ਡਰਾਫਟ ਸੂਚੀ ਸਮੇਤ ਫੋਟੋ ਜਨਰੇਸ਼ਨ ਅਤੇ ਚੈਕਿੰਗ ਹੋਵੇਗੀ, 15 ਅਕਤੂਬਰ ਤੋਂ 22 ਅਕਤੂਬਰ 2021 ਤਕ ਈ.ਆਰ.ਓਜ਼ ਵਲੋਂ ਡਰਾਫਟ ਸੂਚੀ ਬਿਨਾਂ ਫੋਟੋ ਜਨਰੇਸ਼ਨ ਅਤੇ ਚੈਕਿੰਗ ਹੋਵੇਗੀ, 17 ਅਕਤੂਬਰ ਨੂੰ ਐਸ.ਐਲ.ਏ ਵਲੋਂ ਰਿਪੋਟ ਜਨਰੇਸ਼ਨ ਕੀਤੀ ਜਾਵੇਗੀ, 14 ਅਕਤੂਬਰ ਤੋਂ 22 ਅਕਤੂਬਰ 2021 ਤਕ ਮਾਣਯੋਗ ਭਾਰਤ ਚੋਣ ਕਮਿਸ਼ਨ ਵਲੋਂ ਨੈਸ਼ਨਲ ਸਰਵਰ ਡਰਾਫਟ ਰੋਲ ਡਾਟਾ ਦੀ ਪ੍ਰਕਿਰਿਆ ਹੋਵੇਗੀ, 22 ਅਕਤੂਬਰ 2021 ਰੈਸ਼ਨਲਾਈਜੇਸ਼ਨ ਤੋਂ ਬਾਅਦ ਈ-ਰੋਲ ਜਨਰੇਸ਼ਨ ਕੀਤੀ ਜਾਵੇਗੀ, 16 ਅਕਤੂਬਰ ਤੋਂ 30 ਅਕਤੂਬਰ 2021 ਤਕ ਡਰਾਫਟ ਸੂਚੀ ਦੀ ਪ੍ਰਿੰਟਿੰਗ ਕੀਤੀ ਜਾਵੇਗੀ, 31 ਅਕਤੂਬਰ 2021 ਨੂੰ ਸੀ.ਈ.ਓ ਪੰਜਾਬ ਦੀ ਵੈਬਸਾਈਟ ’ਤੇ ਡਰਾਫਟ ਸੂਚੀ ਬਿਨਾਂ ਫੋਟੋ ਵਾਲੀ ਦੀ ਪੀਡੀਐਫ ਅਪਲੋਡ ਕੀਤੀ ਜਾਵੇਗੀ।

# ਕੈਪਟਨ ਸਰਕਾਰ ਨੇ ਪ੍ਰੀ- ਪ੍ਰਾਇਮਰੀ ਅਧਿਆਪਕਾਂ ਦੀ ਭਰਤੀ ਕੀਤੀ ਰੱਦ ! ਹਜਾਰਾਂ ਅਧਿਆਪਕਾਂ ਦੇ ਸੁਪਨੇ ਟੁੱਟੇ

**ਗੁਰਦਾਸਪੁਰ-ਨਵਨੀਤ ਕੁਮਾਰ/ਜਤਿੰਦਰ ਕੁਮਾਰ** : ਪੰਜਾਬ ਦੀ ਕੈਪਟਨ ਸਰਕਾਰ ਵੱਲੋਂ ਜਿੱਥੇ ਪੰਜਾਬ ਦੇ ਨੌਜਵਾਨਾਂ ਨੂੰ ਰੁਜਗਾਰ ਦੇਣ ਦੇ ਦਾਅਵੇ ਕੀਤੇ ਜਾ ਰਹੇ ਹਨ। ਜੋ ਕਿ ਸਿਰਫ ਅਖਬਾਰਾਂ ਦੀਆਂ ਸੁਰਖੀਆਂ ਬਣਕੇ ਹੀ ਰਹਿ ਗਏ ਹਨ। ਕੈਪਟਨ ਸਰਕਾਰ ਵੱਲੋਂ ਸਰਕਾਰੀ ਭਰਤੀ ਦੇ ਨਾਂ ਤੇ ਸੂਬੇ ਦੇ ਨੌਜਵਾਨਾਂ ਨਾਲ ਖਿਲਵਾੜ ਕੀਤਾ ਜਾ ਰਿਹਾ ਹੈ। ਜ਼ਿਕਰਯੋਗ ਹੈ ਕਿ ਪੰਜਾਬ ਸਰਕਾਰ ਵੱਲੋਂ ਪਿਛਲੇ ਸਾਲ ਪ੍ਰੀ-ਪ੍ਰਾਇਮਰੀ ਟੀਚਰਾਂ ਦੀ 8393 ਅਸਾਮੀਆਂ ਦੀ ਭਰਤੀ ਦਾ ਇਸ਼ਤਿਹਾਰ ਦਿੱਤਾ ਗਿਆ ਸੀ। ਜਿਸ ਵਿੱਚ ਹਜਾਰਾਂ ਦੀ ਗਿਣਤੀ ਵਿੱਚ ਐੱਨ .ਟੀ .ਟੀ ਅਧਿਆਪਕਾਂ ਨੇ ਅਪਲਾਈ ਕੀਤਾ ਸੀ। ਇਹ ਭਰਤੀ ਸਰਕਾਰ ਦੀ ਘਰ-ਘਰ ਰੋਜਗਾਰ ਯੋਜਨਾ ਦੇ ਤਹਿਤ ਵਿਭਾਗ ਵੱਲੋਂ ਕੀਤੀ ਜਾਣੀ ਸੀ। ਸੂਬੇ ਦੇ ਨੌਜਵਾਨਾਂ ਨੇ ਹਜਾਰਾਂ ਰੁਪਏ ਖਰਚ ਕੇ ਇਸ ਭਰਤੀ ਲਈ ਅਪਲਾਈ ਕੀਤਾ ਸੀ। ਸਰਕਾਰ ਨੇ ਇਸ ਭਰਤੀ ਲਈ ਪਹਿਲਾਂ ਜੂਨ ਮਹੀਨੇ ਵਿੱਚ ਟੈਸਟ ਲੈਣ ਦਾ ਫੈਸਲਾ ਕੀਤਾ ਮਗਰ ਕੁਝ ਕਾਰਨਾਂ ਕਰਕੇ ਸਰਕਾਰ ਨੇ ਇਸ ਟੈਸਟ ਨੂੰ ਅੱਗੇ ਪਾ ਦਿੱਤਾ ਸੀ। ਉਸ ਤੋਂ ਬਾਅਦ ਸਰਕਾਰ ਨੇ ਪ੍ਰੀ - ਪ੍ਰਾਇਮਰੀ ਅਧਿਆਪਕਾਂ ਨੂੰ ਆਪਣੇ ਸਰਟੀਫਿਕੇਟ ਅਪਲੋਡ ਕਰਨ ਲਈ ਕਿਹਾ ਸੀ। ਬਿਨੈਕਾਰਾਂ ਵੱਲੋਂ ਆਪਣੇ ਐੱਨ .ਟੀ .ਟੀ ਦੇ ਸਰਟੀਫਿਕੇਟ ਅਪਲੋਡ ਵੀ ਕਰ ਦਿੱਤੇ। ਮਗਰ ਭਰਤੀ ਦੀ ਆਸ ਲਾਈ ਬੈਠੇ ਐੱਨ .ਟੀ. ਟੀ ਅਧਿਆਪਕਾਂ ਨੂੰ ਉਸ ਵੇਲੇ ਝਟਕਾ ਲੱਗਾ ਜਦੋਂ ਸਰਕਾਰ ਨੇ ਪੱਤਰ ਜਾਰੀ ਕਰਕੇ ਪ੍ਰੀ ਪ੍ਰਾਇਮਰੀ ਦੀ ਭਰਤੀ ਰੱਦ ਕਰ ਦਿੱਤੀ। ਇਸ ਨਾਲ ਹਜਾਰਾਂ ਦੀ ਗਿਣਤੀ ਵਿੱਚ ਐਨ.ਟੀ.ਟੀ ਅਧਿਆਪਕਾਂ ਦਾ ਭਵਿੱਖ ਹਨੇਰੇ ਵਿੱਚ ਚਲਾ ਗਿਆ ਹੈ।

# ਕੁਦਰਤ, ਸਮਾਜ ਦੀ ਕੀਤੀ ਗਈ ਸੇਵਾ ਹੀ ਮਾਨਵਤਾ ਤੇ ਪ੍ਰਮਾਤਮਾ ਦੀ ਸੇਵਾ ਹੈ : ਸੁਖਜਿੰਦਰ ਸਿੰਘ ਬੱਬਰ

## ਸਮਾਜ ਸੇਵਾ ਵਿੱਚ ਅਹਿਮ ਰੋਲ ਅਦਾ ਕਰ ਰਿਹੈ 'ਸਰਬੱਤ ਦਾ ਭਲਾ ਫਾਊਂਡੇਸ਼ਨ



**ਕਪੂਰਥਲਾ/ਪਰਮਜੀਤ ਸੰਨੀ**

ਪੰਜਾਬ ਭਰ ਦੇ ਵਿੱਚ ਸਮਾਜ ਸੇਵਾ ਨਾਲ ਜੁੜੇ ਕਲੱਬਾਂ ਦੇ ਵੱਲੋਂ ਲਗਾਤਾਰ ਸਮਾਜ ਸੇਵਾ ਕਰਦੇ ਹੋਏ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰਦੇ ਹੋਏ ਗੁਰੂ ਸਾਹਿਬਾਨ ਵੱਲੋਂ ਸਰਬਤ ਦੇ ਭਲੇ ਲਈ ਦਿੱਤੇ ਉਪਦੇਸ਼ ਨੂੰ ਪੂਰਾ ਕਰਨ ਦੀ ਕੋਸਸਿ ਕੀਤੀ ਜਾ ਰਹੀ ਹੈ।ਅਜਿਹੀ ਹੀ ਇਕ ਸਮਾਜ ਸੇਵੀ ਸੰਸਥਾ ਹੈ, ਜਲ੍ਹਿਾ ਕਪੂਰਥਲਾ ਵਿੱਚ ਜਿਸ ਦਾ ਨਾਮ ਸਰਬੱਤ ਦਾ ਭਲਾ ਫਾਊਂਡੇਸ਼ਨ ਹੈ। ਸਰਬੱਤ ਦਾ ਭਲਾ ਫਾਊਂਡੇਸ਼ਨ ਵਲੋਂ ਲਗਾਤਾਰ ਸਮਾਜ ਸੇਵਾ ਕਰਦੇ ਹੋਏ ਲੋੜਵੰਦਾਂ ਅਤੇ ਗਰੀਬਾਂ ਦੀ ਮਦਦ ਕਰਦੇ ਹੋਏ ਗੁਰੂ ਸਾਹਿਬਾਨ ਵੱਲੋਂ ਸਰਬਤ ਦੇ ਭਲੇ ਲਈ ਦਿੱਤੇ ਉਪਦੇਸ਼ ਨੂੰ ਪੂਰਾ ਕਰਨ ਦੀ ਕੋਸਸਿ ਕੀਤੀ ਜਾ ਰਹੀ ਹੈ। ਸਮਾਜ ਸੇਵਾ ਦੇ ਕੰਮਾਂ ਨੂੰ ਹੋਰ ਤੇਜ ਗਤੀ ਨਾਲ ਕਰਨ ਲਈ ਸਰਬੱਤ ਦਾ ਭਲਾ ਫਾਊਂਡੇਸ਼ਨ ਵਲੋਂ ਇੱਕ ਵਿਸ਼ੇਸ਼ ਮੀਟਿੰਗ ਦਾ ਆਯੋਜਨ ਕੀਤਾ ਗਿਆ। ਜਿਸ ਵਿੱਚ ਸਰਬੱਤ ਦਾ ਭਲਾ ਫਾਊਂਡੇਸ਼ਨ ਦੁਆਰਾ ਚੱਲ ਰਹੀ ਚੈਰੀਟੇਬਲ ਲੈਬ ਅਤੇ ਹੋਰ ਸਮਾਜ ਭਲਾਈ ਦੇ ਕੰਮਾਂ ਬਾਰੇ ਵਿਚਾਰ ਵਟਾਂਦਰਾ ਕੀਤਾ ਗਿਆ।ਸਰਬੱਤ ਦਾ ਭਲਾ ਫਾਊਂਡੇਸ਼ਨ ਦੇ ਸੰਸਥਾਪਕ ਅਤੇ ਸੇਵਾਦਾਰ ਸ:ਸੁਖਜਿੰਦਰ ਸਿੰਘ (ਬੱਬਰ) ਨੇ ਫਾਊਂਡੇਸ਼ਨ ਦਾ ਵਿਸਥਾਰ ਕਰਦੇ ਹੋਏ ਸ: ਗੁਰਪਾਲ ਸਿੰਘ ਭਾਟੀਆ ਨੂੰ ਮੁਹੱਲਾ ਕਸਾਬਾ ਦੇ ਜ਼ੋਨ ਨੰਬਰ 2 ਦਾ ਇੰਚਾਰਜ ਅਤੇ ਪਰਮਿੰਦਰ ਸਿੰਘ (ਜਿੰਮੀ) ਭਾਟੀਆ ਨੂੰ ਸਲਾਹਕਾਰ ਅਤੇ ਮਨਦੀਪ ਸਿੰਘ ਬਿੱਟਾ ਅਤੇ ਸਚਿਨ ਆਹੂਜਾ ਨੂੰ ਮੈਂਬਰ ਬਣਾਇਆ ਗਿਆ।ਮੀਟਿੰਗ ਨੂੰ ਸੰਬੋਧਨ ਕਰਦਿਆਂ ਸ:ਸੁਖਜਿੰਦਰ ਸਿੰਘ ਬੱਬਰ ਨੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਸਮਾਜ ਸੇਵਾ ਕਰਨ ਨਾਲ ਸਮੂਹ ਮਾਨਵਤਾ ਦਾ ਭਲਾ ਹੁੰਦਾ ਹੈ ਤੇ ਸਾਡੇ ਪੁਰਖਾਂ ਵੱਲੋਂ ਵੀ ਇਹੀ ਕਿਹਾ ਗਿਆ ਹੈ ਕਿ ਨਰ ਸੇਵਾ ਹੀ ਨਰਾਇਣ ਸੇਵਾ ਹੈ।ਇਸ ਲਈ ਸਾਨੂੰ ਵੱਧ ਤੋਂ ਵੱਧ ਆਪਣੇ ਕੰਮਾਂ ਕਾਰਾਂ ਤੋਂ ਸਮਾਂ ਕੱਢ ਕੇ ਸਮਾਜ ਸੇਵਾ ਕਰਨੀ ਚਾਹੀਦੀ ਹੈ।ਉਨ੍ਹਾਂ ਇਸ ਮੀਟਿੰਗ ਦੌਰਾਨ ਲੋਕਾਂ ਨੂੰ ਇਹ ਸੁਨੇਹਾ ਦਿੱਤਾ ਕਿ ਹਰ ਇਨਸਾਨ ਨੂੰ ਆਪਣੀ ਸਮਰਥਾ ਦੇ ਮੁਤਾਬਕ ਜਨ ਕਲਿਆਣ ਚ ਆਪਣਾ ਯੋਗਦਾਨ ਦੇਣਾ ਚਾਹੀਦਾ ਹੈ। ਕੁਦਰਤ, ਸਮਾਜ ਦੀ ਕੀਤੀ ਗਈ ਸੇਵਾ ਹੀ ਮਾਨਵਤਾ ਤੇ ਪ੍ਰਮਾਤਮਾ ਦੀ ਸੇਵਾ ਹੈ। ਇਸ ਮੌਕੇ ਤੇ ਸੁਖਵਿੰਦਰ ਮੋਹਨ ਸਿੰਘ ਭਾਟੀਆ, ਅਮਨ ਖੰਨਾ, ਲਖਬੀਰ ਸਿੰਘ, ਜਸਪਾਲ ਸਿੰਘ ਖੁਰਾਣਾ, ਰੋਹਿਤ ਬੱਤਰਾ, ਗੁਰਪ੍ਰੀਤ, ਜਤਿਨ ਕੁਮਾਰ, ਸਾਹਿਲ, ਰਾਜ ਕੁਮਾਰ, ਅਮਨਦੀਪ ਸਿੰਘ, ਗੁਰਮੀਤ ਸਿੰਘ ਭਸੀਨ, ਜੋਤਿ ਭਸੀਨ, ਸਾਬੀ ਪਰਵੇਜ਼ ਨਗਰ ਆਦਿ ਹਾਜਰ ਸਨ।

# ਪੰਜਾਬ ਦੇ ਲੋਕ ਬਿਜਲੀ ਮੁਆਫੀ ਦੇ ਐਲਾਨ ਦਾ ਸਵਾਗਤ ਕਰ ਰਹੇ ਹਨ : ਨਵਜੋਤ ਸੈਣੀ



**ਜ਼ੀਰਕਪੁਰ/ਰਵੀ ਜੀਰਕਪੁਰ**

ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੇ ਦੋ ਮਹੀਨਿਆਂ ਲਈ 600 ਯੂਨਿਟ ਮੁਆਫ ਕਰਨ ਦੇ ਐਲਾਨ ਦਾ ਸਵਾਗਤ ਕਰ ਰਹੇ ਹਨ ਅਤੇ 'ਆਪ' ਪਾਰਟੀ ਨੂੰ ਭਰਵਾਂ ਸਮਰਥਨ ਦੇ ਰਹੇ ਹਨ। ਇਸੇ ਲੜੀ ਤਹਿਤ ਬਸਤੀ ਨਗਲਾ ਵਿੱਚ ਬਿਜਲੀ ਜਨ ਸੰਵਾਦ ਦੇ ਸਬੰਧ ਵਿੱਚ ਇੱਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਹਲਕਾ ਡੇਰਾਬੱਸੀ ਤੋਂ ਆਮ ਆਦਮੀ ਪਾਰਟੀ ਦੇ ਸੀਨੀਅਰ ਨੇਤਾਵਾਂ ਨਵਜੋਤ ਸੈਣੀ ਅਤੇ ਸੁਭਾਸ਼ ਸ਼ਰਮਾ ਨੂੰ ਲੱਡੂਆਂ ਨਾਲ ਤੋਲਿਆ ਗਿਆ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਵਿੱਚ ਦਿਲੋਂ ਸਮਰਥਨ ਦੇਣ ਦਾ ਵਾਅਦਾ ਕੀਤਾ ਗਿਆ। ਜਨ ਸੰਵਾਦ ਵਿੱਚ 'ਆਪ ਦੇ ਸੀਨੀਅਰ ਆਗੂ ਨਵਜੋਤ ਸੈਣੀ ਨੇ ਲੋਕਾਂ ਨੂੰ ਦੱਸਿਆ ਕਿ ਪੰਜਾਬ ਵਿੱਚ ਬਿਜਲੀ ਦੀਆਂ ਵਧਦੀਆਂ ਕੀਮਤਾਂ ਕਾਰਨ ਲੋਕ ਬਹੁਤ ਪ੍ਰੇਸ਼ਾਨ ਹਨ। ਉਨ ਾਂ ਕਿਹਾ ਕਿ ਪੰਜਾਬ ਸਰਕਾਰ ਬਿਜਲੀ ਦੇ ਨਾਂ 'ਤੇ ਲੋਕਾਂ ਨੂੰ ਦੋਹਾਂ ਹੱਥਾਂ ਨਾਲ ਲੁੱਟ ਰਹੀ ਹੈ।

ਉਨ ਾਂ ਕਿਹਾ ਕਿ ਬਿਜਲੀ ਦੇ ਭਾਰੀ ਬਿੱਲ ਲੋਕਾਂ ਦੀਆਂ ਜੇਬਾਂ 'ਤੇ ਬੋਝ ਪਾ ਰਹੇ ਹਨ। ਕਾਂਗਰਸ ਸਰਕਾਰ ਨੇ ਪੰਜਾਬ ਨੂੰ ਖੁਸ਼ਹਾਲ ਬਣਾਉਣ ਦੀ ਬਜਾਏ ਲੋਕਾਂ ਨੂੰ ਇੰਨਾ ਲੁੱਟਿਆ ਹੈ ਕਿ ਉਨ ਾਂ ਦਾ ਲੱਕ ਤੋੜ ਕੇ ਰੱਖ ਦਿੱਤਾ ਹੈ। ਇਸ ਦੇ ਨਾਲ ਹੀ ਸੈਣੀ ਨੇ ਬਿਜਲੀ ਸਮਝੌਤੇ ਦੀ ਆੜ ਵਿੱਚ ਅਕਾਲੀ ਦਲ ਵੱਲੋਂ ਕੀਤੇ ਘੁਟਾਲਿਆਂ ਬਾਰੇ ਵੀ ਲੋਕਾਂ ਨੂੰ ਜਾਗਰੂਕ ਕੀਤਾ। ਉਨ ਾਂ ਕਿਹਾ ਕਿ ਕਾਂਗਰਸ ਜਾਂ ਅਕਾਲੀ ਦਲ ਪੰਜਾਬ ਦੇ ਹਿੱਤਾਂ ਬਾਰੇ ਸੋਚਣ ਦੀ ਬਜਾਏ ਆਪਣੇ ਅਤੇ ਸਰਮਾਏਦਾਰਾਂ ਦੇ ਹਿੱਤਾਂ ਬਾਰੇ ਸੋਚ ਰਹੇ ਹਨ। ਕੇਜਰੀਵਾਲ ਦੇ ਦਿੱਲੀ ਮਾਡਲ ਬਾਰੇ ਦੱਸਦਿਆਂ ਸੈਣੀ ਨੇ ਕਿਹਾ ਕਿ ਉਨ ਾਂ ਨੇ ਦਿੱਲੀ ਦੀ ਜਨਤਾ ਨੂੰ ਸਹੂਲਤਾਂ ਦੇ ਕੇ ਖੁਸ਼ ਕੀਤਾ ਹੈ ਅਤੇ ਹੁਣ ਪੰਜਾਬ ਦੀ ਵਾਰੀ ਹੈ। ਉਨ ਾਂ ਕਿਹਾ ਕਿ ਪੰਜਾਬ ਦੇ ਲੋਕ ਬਦਲਾਅ ਚਾਹੁੰਦੇ ਹਨ, ਇਸ ਲਈ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਸਰਕਾਰ ਬਣਾਉਣ ਲਈ ਪਾਰਟੀ ਨੂੰ ਪੂਰਾ ਸਮਰਥਨ ਦੇ ਰਹੇ ਹਨ।

# ਪਟਵਾਰੀ ਰਿਸ਼ਵਤ ਲੈਂਦਾ ਵਿਜੀਲੈਂਸ ਬਿਊਰੋ ਵਲੋਂ ਰੰਗੇ ਹੱਥੀਂ ਕਾਬੂ

**ਅੰਮ੍ਰਿਤਸਰ/ਲੋਕ ਬਾਣੀ**

ਸਬ ਤਹਿਸੀਲ ਤਰਸਿੱਕਾ 'ਚ ਅੱਜ ਬਾਅਦ ਦੁਪਹਿਰ ਹਲਕਾ ਚੰਨਣ ਕੇ ਦੇ ਮਾਲ ਪਟਵਾਰੀ ਅਨੰਦ ਜੋਤੀ ਨੂੰ ਇਕ ਵਿਅਕਤੀ ਪਾਸੋਂ ਇੰਤਕਾਲ ਕਰਵਾਉਣ ਲਈ ਦੋ ਹਜ਼ਾਰ ਰੁਪਏ ਰਿਸ਼ਵਤ ਲੈਂਦਿਆਂ ਡੀ.ਐਸ.ਪੀ. ਵਿਜੀਲੈਂਸ ਬਿਊਰੋ ਅੰਮ੍ਰਿਤਸਰ ਵਲੋਂ ਰੰਗੇ ਹੱਥੀਂ ਕਾਬੂ ਕੀਤਾ ਗਿਆ ਹੈ।

# ਹਾਈ ਵੋਲਟੇਜ ਦਾ ਕਰੰਟ ਲੱਗਣ ਕਾਰਨ ਇਕ ਦੀ ਮੌਤ ਤੇ ਦੂਜਾ ਗੰਭੀਰ ਫੱਟੜ

**ਜੈਤੋ/ਲੋਕ ਬਾਣੀ**

ਸਥਾਨਕ ਬਠਿੰਡਾ ਰੋਡ 'ਤੇ ਨਵਾਂ ਸੀਵਰੇਜ ਪਾਉਣ ਦਾ ਕੰਮ ਚਲ ਰਿਹਾ ਹੈ, ਇਸ ਦੌਰਾਨ ਦੋ ਵਿਅਕਤੀਆਂ ਨੂੰ ਹਾਈ ਵੋਲਟੇਜ ਦਾ ਕਰੰਟ ਲੱਗਣ ਕਰਕੇ ਇਕ ਦੀ ਮੌਤ ਤੇ ਦੂਜੇ ਦੇ ਗੰਭੀਰ ਰੂਪ ਵਿਚ ਫੱਟੜ ਹੋਣ ਦਾ ਪਤਾ ਲੱਗਿਆ ਹੈ।

# ਕਲੇਰ ਵਲੋਂ ਗਿੱਦੜਵਿੰਡੀ ਸਰਕਲ ਦੇ ਪਿੰਡਾਂ ਦਾ ਕੀਤਾ ਦੌਰਾ

## ਜਨਤਾ ਵਲੋਂ ਕਲੇਰ ਦਾ ਸ਼ਾਨਦਾਰ ਸਵਾਗਤ ਕੀਤਾ



**ਸਿੱਧਵਾਂ ਬੇਟ/ਅਰਜੁਨ ਸਹਿਜਪਾਲ**

ਸਰਿਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸ੍ਰੀ ਐਸ.ਆਰ.ਕਲੇਰ ਨੇ ਅੱਜ ਗਿੱਦੜਵਿੰਡੀ ਸਰਕਲ ਦਾ ਦੌਰਾ ਕੀਤਾ। ਇਸ ਦੌਰਾਨ ਸ੍ਰੀ ਕਲੇਰ ਸਰਕਲ ਦੇ ਵੱਖ-ਵੱਖ ਪਿੰਡਾਂ ਵਿਚ ਗਏ ਤੇ ਲੋਕਾਂ ਨਾਲ ਰਾਬਤ ਕਾਇਮ ਕੀਤਾਗਿੱਦੜਵਿੰਡੀ ਸਰਕਲ ਦੇ ਲੋਕਾਂ ਨੇ ਸ੍ਰੀ ਕਲੇਰ ਦਾ ਜੋਰਦਾਰ ਸਵਾਗਤ ਕੀਤਾ ।ਕਲੇਰ ਹਲਕੇ ਦੇ ਲੋਕਾਂ ਵਲੋਂ ਮਿਲੇ ਪਿਆਰ, ਸਤਿਕਾਰ ਨੂੰ ਦੇਖਕੇ ਗੱਦ-ਗੱਦ ਹੋ ਉੱਠੇ। ਇਸ ਦੌਰਾਨ ਸ੍ਰੀ ਕਲੇਰ ਨੇ ਵੱਖ-ਵੱਖ ਪਿੰਡਾਂ ਦੇ ਲੋਕਾਂ ਦੀਆਂ ਸਮੱਸਿਆਂਵਾਂ ਸੁਣੀਆਂ ਤੇ ਉਨ੍ਹਾਂ ਦਾ ਮੌਕੇ 'ਤੇ ਹੀ ਹੱਲ ਕੀਤਾ ।ਇਸ ਮੌਕੇ ਉਨ੍ਹਾਂ ਬਜੁਰਗਾਂ ਦਾ ਅਸੀਰਵਾਦ ਪ੍ਰਾਪਤ ਕੀਤਾ। ਉਪਰੰਤ ਸ: ਸੁਖਬੀਰ ਸਿੰਘ ਬਾਦਲ ਵਲੋਂ ਜਾਰੀ ਤੇਰਾਂ ਨੁਕਾਤੀ ਪ੍ਰੋਗਰਾਮ ਬਾਰੇ ਨੌਜਵਾਨਾਂ ਨੂੰ ਜਾਣਕਾਰੀ ਦਿੰਦਿਆਂ ਕਿਹਾ ਕਿ ਸਰਿਮਣੀ ਅਕਾਲੀ ਦਲ ਨੇ ਪੰਜਾਬ ਦੇ ਵਿਕਾਸ ਲਈ ਨਵੀਂ ਨੀਤੀ ਘੜੀ ਹੈ ਜਿਸਦਾ ਪੰਜਾਬ ਦੀ ਨੌਜਵਾਨੀ ਨੂੰ ਵੱਡਾ ਲਾਹਾ ਮਿਲੇਗਾ।ਸ੍ਰੀ ਕਲੇਰ ਨੇ ਕਿਹਾ ਕਿ ਇਸ ਯੋਜਨਾਬੰਦੀ 'ਚ ਲਗਭਗ ਸਾਰੇ ਵਰਗਾਂ ਨਾਲ ਨਾਲ ਸਬੰਧਿਤ ਅਹਿਮ ਯੋਜਨਾਵਾਂ ਲਾਗੂ ਕੀਤੀਆਂ ਜਾਣਗੀਆਂ ਜਿਨ੍ਹਾਂ ਦਾ ਸਮੁੱਚੇ ਅਵਾਮ ਨੂੰ ਵੱਡਾ ਲਾਹਾ ਮਿਲੇਗਾ। ਇਸ ਮੌਕੇ ਉਨ੍ਹਾਂ ਨਾਲ ਐਸ.ਸੀ. ਪ੍ਰਧਾਨ ਗੁਰਬਚਨ ਸਿੰਘ, ਸਾਬਕਾ ਸਰਪੰਚ ਸਲਵੰਤ ਸਿੰਘ, ਸਾਬਕਾ ਸਰਪੰਚ ਗੁਰਦੀਪ ਸਿੰਘ ਸੇਰੇਵਾਲ, ਸਰਿੰਦਰ ਸਿੰਘ ਪਰਜੀਆ, ਸਤਨਾਮ ਸਿੰਘ ਪਰਜੀਆ, ਪੰਚ ਸਤਪਾਲ ਸਿੰਘ, ਪੰਚ ਸੁਰਜੀਤ ਸਿੰਘ, ਪੰਚ ਰਣਜੀਤ ਸਿੰਘ, ਪੰਚ ਅਮਰਜੀਤ ਸਿੰਘ, ਪੰਚ ਤਰਸੇਮ ਸਿੰਘ, ਸਾਬਕਾ ਸਰਪੰਚ ਤੇਜਿੰਦਰਪਾਲ ਸਿੰਘ, ਨੰਬਰਦਾਰ ਮਹਿੰਦਰ ਸਿੰਘ, ਜਸਵੰਤ ਸਿੰਘ, ਲਖਵੀਰ ਸਿੰਘ, ਨੰਬਰਦਾਰ ਪ੍ਰੀਤਮ ਸਿੰਘ, ਜਸਕੀਸ ਸਿੰਘ, ਜਰਨੈਲ ਸਿੰਘ, ਬਲਦੇਵ ਸਿੰਘ ਅਤੇ ਮੈਂਬਰ ਪਾਲਾ ਸਿੰਘ ਹਾਜਰ ਸਨ ।

# ਆਲ ਇੰਡੀਆ ਕਾਂਗਰਸ ਵਰਕਰਜ਼ ਮਹਿਲਾ ਵਿੰਗ ਦੀ ਮੀਟਿੰਗ ਆਜੋਜਿਤ

**ਲੁਧਿਆਣਾ/ਸੁਖਚੈਨ ਮਹਿਰਾ**



ਖਰੜ ਵਿਖੇ ਆਲ ਇੰਡੀਆ ਕਾਂਗਰਸ ਵਰਕਰਜ ਮਹਿਲਾ ਵਿੰਗ ਦੀ ਮੀਟਿੰਗ ਮੈਡਮ ਰਚਨਾ ਵਰਮਾ ਪ੍ਰਧਾਨ ਮਹਿਲਾ ਵਿੰਗ ਆਲ ਇੰਡੀਆ ਕਾਂਗਰਸ ਵਰਕਰਜ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਕੌਮੀ ਪ੍ਰਧਾਨ ਕੁਲਦੀਪ ਸਿੰਘ ਬਰਾੜ ਨੇ ਵਿਸੇਸ ਤੌਰ ਤੇ ਸਰਿਕਤ ਕੀਤੀ। ਮੀਟਿੰਗ ਵਿੱਚ 2022 ਦੀਆਂ ਚੋਣਾਂ ਨੂੰ ਮੁੱਖ ਰੱਖਦਿਆਂ ਖੁਲ ਕੇ ਵਿਚਾਰ ਚਰਚਾ ਕੀਤੀ ਕਿ ਨੁੱਕੜ ਮੀਟਿੰਗਾਂ ਘਰ ਘਰ ਕੀਤੀਆਂ ਜਾਣ ਲੋਕਾਂ ਨੂੰ ਕਾਂਗਰਸ ਪਾਰਟੀ ਨਾਲ ਵੱਧ ਤੋਂ ਵੱਧ ਜੋੜਿਆ ਜਾਵੇ। ਮੀਟਿੰਗ ਦੌਰਾਨ ਕਈ ਨਵੀਆਂ ਨਿਯੁਕਤੀਆਂ ਕੀਤੀਆਂ ਗਈਆਂ। ਸ੍ਰੀ ਮਤੀ ਮਨਜੀਤ ਕੌਰ ਸੋਨੂੰ ਨੂੰ ਆਲ ਇੰਡੀਆ ਕਾਂਗਰਸ ਵਰਕਰਜ ਮਹਿਲਾ ਵਿੰਗ ਦੀ ਪੰਜਾਬ ਪ੍ਰਧਾਨ ਨਿਯੁਕਤ ਕੀਤਾ ਗਿਆ, ਸ੍ਰੀ ਮਤੀ ਬਲਵਿੰਦਰ ਕੌਰ ਨੂੰ ਜਲਿਾ ਪ੍ਰਧਾਨ ਐਸ ਏ ਐਸ ਨਗਰ (ਮੋਹਾਲੀ), ਸ੍ਰੀ ਮਤੀ ਸੁਰਿੰਦਰ ਪਾਲ ਕੌਰ ਪ੍ਰਧਾਨ ਖਰੜ,ਸ੍ਰੀ ਮਤੀ ਜਗਮੋਹਨ ਕੌਰ ਪ੍ਰਧਾਨ ਕੁਰਾਲੀ (ਜਲ੍ਹਿਾ ਰੂਪਨਗਰ),ਸ੍ਰੀ ਮਤੀ ਸੁਰਿੰਦਰ ਮੋਹਨ ਕੌਰ ਮੀਤ ਪ੍ਰਧਾਨ ਕੁਰਾਲੀ, ਗੁਰਜੰਟ ਸਿੰਘ ਪ੍ਰਧਾਨ ਜਲ੍ਹਿਾ ਐੱਸ ਏ ਐਸ ਨਗਰ (ਮੋਹਾਲੀ) ਨਿਯੁਕਤ ਕੀਤਾ ਗਿਆ।ਮੀਟਿੰਗ ਦੌਰਾਨ ਚਰਨਜੀਤ ਕੌਰ, ਗੁਰਵਿੰਦਰ ਕੌਰ, ਕੁਲਦੀਪ ਕੌਰ, ਜਸਵੀਰ ਕੌਰ ਮੈਂਬਰ ਆਲ ਇੰਡੀਆ ਕਾਂਗਰਸ ਵਰਕਰਜ ਮਹਿਲਾ ਵਿੰਗ ਆਦਿ ਹਾਜਰ ਸਨ।

Website : www.lokbani.com
lokbani08@gmail.com

# ਨੰਬਰਦਾਰ ਗੁਰਚਰਨ ਸਿੰਘ ਬਣੇ ਬੁੱਧ ਸਿੰਘ ਵਾਲਾ ਸੁਸਾਇਟੀ ਦੇ ਪ੍ਰਧਾਨ ਜਦਕਿ ਸਵਰਨ ਸਿੰਘ ਹੋਣਗੇ ਮੀਤ ਪ੍ਰਧਾਨ

**ਮੋਗਾ/ਦਵਿੰਦਰ ਸਿੰਘ ਬਿੱਟੂ**

ਅੱਜ ਵਿਧਾਇਕ ਡਾ: ਹਰਜੋਤ ਕਮਲ ਦੀ ਰਹਿਨੁਮਾਈ ਅਤੇ ਉਹਨਾਂ ਦੇ ਭਰਾ ਸੀਰਾ ਚਕਰ ਦੀ ਦੇਖ ਰੇਖ ਵਿਚ ਕੋਆਪਰੇਟਿਵ ਸੁਸਾਇਟੀ ਬੁੱਧ ਸਿੰਘ ਵਾਲਾ ਦੇ ਸਰਬਸੰਮਤੀ ਨਾਲ ਚੁਣੇ ਗਏ ਪ੍ਰਧਾਨ ਨੰਬਰਦਾਰ ਗੁਰਚਰਨ ਸਿੰਘ ਸੰਧੂਆਂ ਵਾਲਾ ਅਤੇ ਮੀਤ ਪ੍ਰਧਾਨ ਸਵਰਨ ਸਿੰਘ ਚੁੱਪਕੀਤੀ ਨੂੰ ਵਿਸੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ।

ਜ਼ਿਕਰਯੋਗ ਹੈ ਕਿ ਚਾਰ ਪਿੰਡਾਂ ਬੁੱਧ ਸਿੰਘ ਵਾਲਾ, ਤਾਰੇ ਵਾਲਾ, ਚੁੱਪਕੀਤੀ, ਸੰਧੂਆਂ ਵਾਲਾ ਦੇ ਕਿਸਾਨਾਂ ਲਈ ਸੇਵਾਵਾਂ ਦੇ ਰਹੀ ਬੁੱਧ ਸਿੰਘ ਵਾਲਾ ਕੋਆਪਰੇਟਿਵ ਸੁਸਾਇਟੀ ਦੀ ਸਰਬਸੰਮਤੀ ਨਾਲ ਚੋਣ ਕਰਵਾਉਣ ਵਿਚ ਸੀਰਾ ਚਕਰ ਤੋਂ ਇਲਾਵਾ ਸਰਪੰਚ ਹਰਬੰਸ ਸਿੰਘ ਸੰਧੂਆਂ ਵਾਲਾ, ਸਰਪੰਚ ਜਗਦੀਪ ਸਿੰਘ ਚੁੱਪਕੀਤੀ, ਚੇਅਰਮੈਨ ਦੀਸ਼ਾ ਬਰਾੜ, ਦਵਿੰਦਰ ਸਿੰਘ ਤਾਰੇਵਾਲਾ ਮੈਂਬਰ, ਸੰਦੀਪ ਸਿੰਘ ਯੂਥ ਕਾਂਗਰਸ ਆਗੂ, ਕੁਲਵਿੰਦਰ ਸਿੰਘ ਪੱਤੀ ਸੰਧੂਆਂ ਮੈਂਬਰ, ਯੂਥ ਆਗੂ ਕੁਲਦੀਪ ਸਿੰਘ ਅਤੇ ਛਿੰਦਰਪਾਲ ਸਿੰਘ ਆਦਿ ਨੇ ਪ੍ਰਭਾਵਸ਼ਾਲੀ ਯੋਗਦਾਨ ਪਾਇਆ। ਮੋਗਾ ਦਫਤਰ ਵਿਖੇ ਪ੍ਰਧਾਨ ਗੁਰਚਰਨ ਸਿੰਘ ਨੰਬਰਦਾਰ ਅਤੇ ਮੀਤ ਪ੍ਰਧਾਨ ਸਵਰਨ ਸਿੰਘ ਨੂੰ ਸਨਮਾਨਿਤ ਕਰਨ ਉਪਰੰਤ ਸੀਰਾ ਚਕਰ ਨੇ ਲੱਡੂਆਂ ਨਾਲ ਦੋਹਾਂ ਦਾ ਮੂੰਹ ਮਿੱਠਾ ਕਰਵਾਉਂਦਿਆਂ ਮੁਬਾਰਕਾਂ ਦਿੱਤੀਆਂ । ਇਸ ਮੌਕੇ ਸਰਬਸੰਮਤੀ ਨਾਲ ਚੁਣੇ ਗਏ ਪ੍ਰਧਾਨ ਗੁਰਚਰਨ ਸਿੰਘ ਨੰਬਰਦਾਰ ਨੇ ਆਖਿਆ ਕਿ ਉਹ ਸੁਸਾਇਟੀ ਦੇ ਚੁਣੇ ਗਏ ਬਾਕੀ ਮੈਂਬਰਾਂ ਸਵਰਨ ਸਿੰਘ, ਮਲਕੀਤ ਸਿੰਘ ਸੰਧੂਆਂ ਵਾਲਾ, ਬਲਜਿੰਦਰ ਸਿੰਘ ਬੁੱਧ ਸਿੰਘ ਵਾਲਾ, ਬਲਬੀਰ ਸਿੰਘ, ਜੋਗਿੰਦਰ ਕੌਰ ਬੁੱਧ ਸਿੰਘ ਵਾਲਾ, ਗੁਰਬਖਸ਼ ਸਿੰਘ ਚੁੱਪਕੀਤੀ , ਜਗਜੀਤ ਸਿੰਘ ਚੁੱਪਕੀਤੀ, ਬੇਅੰਤ ਸਿੰਘ ਚੁੱਪਕੀਤੀ, ਗੁਰਮੇਲ ਸਿੰਘ ਤਾਰੇਵਾਲਾ ਅਤੇ ਹਰਜੀਤ ਕੌਰ ਤਾਰੇਵਾਲਾ ਦੀ ਸਮੁੱਚੀ ਟੀਮ ਨੂੰ ਨਾਲ ਲੈ ਕੇ ਚੱਲਦਿਆਂ ਕਿਸਾਨਾਂ ਪ੍ਰਤੀ ਸਮਰਪਿਤ ਹੋ ਕੇ ਕੰਮ ਕਰਨਗੇ। ਉਹਨਾਂ ਆਖਿਆ ਕਿ ਕਿਸਾਨਾਂ ਨੂੰ ਖਾਦ ਦੀ ਕਿੱਲਤ ਨਹੀਂ ਆਉਣ ਦਿੱਤੀ ਜਾਵੇਗੀ ਅਤੇ ਹੋਰ ਖੇਤੀ ਸੰਦ ਖਰੀਦ ਕੇ ਕਿਸਾਨਾਂ ਨੂੰ ਮੁਹੱਈਆ ਕਰਵਾਏ ਜਾਣਗੇ ਤਾਂ ਕਿ ਖੇਤੀ ਖਰਚੇ ਘਟਾ ਕੇ ਕਿਸਾਨਾਂ ਦੀ ਆਰਥਿਕਤਾ ਨੂੰ ਮਜਬੂਤ ਕੀਤਾ ਜਾ ਸਕੇ।





ਉਹਨਾਂ ਵਿਧਾਇਕ ਡਾ: ਹਰਜੋਤ ਕਮਲ ਦਾ ਧੰਨਵਾਦ ਕਰਦਿਆਂ ਆਖਿਆ ਕਿ ਉਹਨਾਂ ਵੱਲੋਂ ਪਿੰਡਾਂ ਦੇ ਕਰਵਾਏ ਜਾ ਰਹੇ ਵਿਕਾਸ ਕਾਰਜਾਂ ਦੀ ਲੈਅ ਨੂੰ ਬਣਾਈ ਰੱਖਣ ਲਈ ਮਿਸ਼ਨ 2022 ਵਿਚ ਡਾ: ਹਰਜੋਤ ਕਮਲ ਨੂੰ ਇਤਿਹਾਸਕ ਜਿੱਤ ਦਿਵਾਉਣ ਵਾਸਤੇ ਹੁਣੇ ਤੋਂ ਪਾਰਟੀ ਨੂੰ ਜਥੇਬੰਦਕ ਤੌਰ 'ਤੇ ਹੋਰ ਮਜਬੂਤ ਕਰਨ ਦੇ ਅਮਲ ਨੂੰ ਸ਼ੁਰੂ ਕੀਤਾ ਜਾਵੇਗਾ।

## ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਜਲੰਧਰ ਵਿਖੇ ਰੋਜ਼ਗਾਰ ਮੇਲਾ ਅੱਜ : ਡਿਪਟੀ ਡਾਇਰੈਕਟਰ

**ਜਲੰਧਰ/ਰਾਕੇਸ਼ ਵਰਮਾ**

ਪੰਜਾਬ ਸਰਕਾਰ ਦੇ 'ਘਰ-ਘਰ ਰੋਜ਼ਗਾਰ ਮਿਸ਼ਨ' ਤਹਿਤ ਜ਼ਿਲ੍ਹਾ ਜਲੰਧਰ ਦੇ ਨੌਜਵਾਨਾਂ ਨੂੰ ਰੋਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਪ੍ਰਦਾਨ ਕਰਨ ਲਈ 27 ਅਗਸਤ 2021 ਨੂੰ ਸਵੇਰੇ 10 ਵਜੇ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ, ਜਲੰਧਰ ਵਿਖੇ ਇਕ ਰੋਜ਼ਗਾਰ ਮੇਲਾ ਲਗਾਇਆ ਜਾ ਰਿਹਾ ਹੈ। ਇਸ ਸਬੰਧੀ ਵਧੇਰੇ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ, ਜਲੰਧਰ ਦੇ ਡਿਪਟੀ ਡਾਇਰੈਕਟਰ ਸ਼੍ਰੀ ਜਸਵੰਤ ਰਾਏ ਨੇ ਦੱਸਿਆ ਕਿ ਇਸ ਰੋਜ਼ਗਾਰ ਮੇਲੇ ਵਿੱਚ 7 ਕੰਪਨੀਆਂ ਪਲੇਸਮੈਂਡਸ, ਏਜਾਈਲ ਫਿਊਚਰ, ਐਨ.ਆਈ.ਆਈ.ਟੀ. ਲਿਮਟਿਡ,ਸਟਾਰ ਹੈਲਥ ਇੰਸ਼ੋਰੈਂਸ, ਏਅਰਟੈਲ, ਰੀਬਲਿੱਸ ਅਤੇ ਆਈ.ਸੀ.ਆਈ.ਸੀ.ਆਈ. ਫਾਊਂਡੇਸ਼ਨ ਬੇਰੋਜ਼ਗਾਰਾਂ ਨੌਜਵਾਨਾਂ ਨੂੰ ਰੋਜ਼ਗਾਰ ਦੇ ਮੌਕੇ ਪ੍ਰਦਾਨ ਕਰਨ ਲਈ ਭਾਗ ਲੈਣਗੀਆਂ।

ਉਨ੍ਹਾਂ ਦੱਸਿਆ ਕਿ ਇਸ ਮੇਲੇ ਵਿੱਚ 10ਵੀਂ, 12ਵੀਂ, ਗ੍ਰੈਜੂਏਸ਼ਨ ਅਤੇ ਆਈ.ਟੀ.ਆਈ. (ਫਿੱਟਰ, ਡੀਜ਼ਲ ਮਕੈਨਿਕ) ਵਿੱਦਿਅਕ ਯੋਗਤਾ ਰੱਖਣ ਵਾਲੇ ਨੌਜਵਾਨ ਰੋਜ਼ਗਾਰ ਹਿੱਤ ਹਿੱਸਾ ਲੈ ਸਕਦੇ ਹਨ। ਸ਼੍ਰੀ ਰਾਏ ਨੇ ਅੱਗੇ ਦੱਸਿਆ ਕਿ ਰੋਜ਼ਾਗਰ ਮੇਲੇ ਦੌਰਾਨ ਕੋਵਿਡ-19 ਮਹਾਂਮਾਰੀ ਨਾਲ ਸਬੰਧਤ ਸਮੁੱਚੀਆਂ ਹਦਾਇਤਾਂ ਤੇ ਸ਼ਰਤਾਂ ਦੀ ਪੂਰੀ ਤਰ੍ਹਾਂ ਨਾਲ ਪਾਲਣਾ ਕੀਤੀ ਜਾਵੇਗੀ। ਉਮੀਦਵਾਰਾਂ ਦੀ ਥਰਮਲ ਸਕੈਨਿੰਗ ਤੋਂ ਲੈ ਕੇ ਸੈਨੀਟੇਸ਼ਨ, ਸਮਾਜਿਕ ਦੂਰੀ ਦਾ ਪੂਰਾ ਖਿਆਲ ਰੱਖਿਆ ਜਾਵੇਗਾ। ਡਿਪਟੀ ਡਾਇਰੈਕਟਰ ਨੇ ਨੌਜਵਾਨਾਂ ਨੂੰ ਵਧੇਰੇ ਨੌਕਰੀਆਂ ਲਈ ਵਿਭਾਗ ਦੀ ਵੈਬਸਾਈਟ .. 'ਤੇ ਰਜਿਸਟਰ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਹੋਰ ਜਾਣਕਾਰੀ ਲਈ ਦਫਤਰ ਦੇ ਹੈਲਪ ਲਾਈਨ ਨੰਬਰ 90569-20100 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

## ਬਲਾਕ ਕਰਮਚਾਰੀਆਂ ਵਲੋਂ 6ਵੇਂ ਪੇ ਕਮਿਸ਼ਨ ਨੂੰ ਲੈ ਕੇ ਧਰਨਾ ਜਾਰੀ



**ਮਮਦੋਟ/ਹਰਪ੍ਰੀਤ ਸਿੰਘ ਹੈਪੀ**

ਸਮੂਹ ਬਲਾਕ ਕਰਮਚਾਰੀਆਂ ਨੇ ਬੀ ਡੀ ਪੀ ਓ ਦਫਤਰ ਵਿਖੇ 6ਵੇਂ ਪੇ ਕਮਿਸ਼ਨ ਦੀ ਰਿਪੋਰਟ ਵਿਚ ਪਾਈਆਂ ਤਰੁੱਟੀਆਂ ਦੇ ਸਬੰਧ ਵਿਚ ਬਲਾਕ ਪੱਧਰ 'ਤੇ ਰੋਸ ਧਰਨਾ ਦਿੱਤਾ ਗਿਆ। 6ਵੇਂ ਪੇ ਕਮਿਸ਼ਨ ਦੀ ਰਿਪੋਰਟ ਵਿਚ ਸਾਰੀਆਂ ਹੱਦਾਂ ਟੱਪਦੇ ਹੋਏ ਸਰਕਾਰ ਵੱਲੋਂ ਮੁਲਾਜ਼ਮਾਂ ਦੀਆਂ ਤਨਖਾਹਾਂ ਵਿਚ ਵਾਧਾ ਨਹੀਂ ਕੀਤਾ ਜਾ ਰਿਹਾ ਇਸ ਦੇ ਉਲਟ ਇਸ ਪੇ ਕਮਿਸ਼ਨ ਦੇ ਨਾਲ ਕਰਮਚਾਰੀਆਂ ਨੂੰ ਨੁਕਸਾਨ ਹੋ ਰਿਹਾ ਹੈ ਅਤੇ ਪੁਰਾਣੀ ਪੈਨਸ਼ਨ ਸਕੀਮ ਲਾਭ, ਪ੍ਰਮੋਸ਼ਨ ਚੈਨਲ, ਪੱਕੇ ਤਨਖਾਹ ਦੇ ਹੱਲ ਲਈ ਯੋਗ ਕਦਮ ਸਬੰਧੀ ਕਰਮਚਾਰੀਆਂ ਵੱਲੋਂ ਪੰਜਾਬ ਸਰਕਾਰ ਦੇ ਵਿਰੁੱਧ ਰੋਸ ਪ੍ਰਦਰਸਨ ਕੀਤਾ ਗਿਆ। ਇਸ ਰੋਸ ਸਬੰਧੀ ਕਰਮਚਾਰੀਆਂ ਦੀਆਂ ਸਹੀ ਮੰਗਾਂ ਨਾ ਮੰਨਣ ਕਾਰਨ ਲਗਾਤਾਰ ਕਲਮ ਛੋੜ ਹੜਤਾਲ ਕੀਤੀ ਗਈ ਅਤੇ ਪਿੰਡ ਅੰਦਰ ਵਿਕਾਸ ਦੇ ਕੰਮ ਮੁਕੰਮਲ ਤੌਰ ਤੇ ਬੰਦ ਕਰ ਦਿੱਤੇ ਗਏ ਹਨ। ਕਿ ਜਦ ਤੱਕ ਸਰਕਾਰ ਵੱਲੋਂ ਇਹ ਮੰਗਾਂ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ, ਉਦੋਂ ਤੱਕ ਕਲਮ ਛੋੜ ਹੜਤਾਲ ਮੁਕੰਮਲ ਤੌਰ ਤੇ ਜਾਰੀ ਰਹੇਗੀ ।ਇਸ ਮੌਕੇ ਪੰਚਾਇਤ ਸੈਕਟਰੀ ਰੋਸਨ ਲਾਲ ,ਰਣਜੀਤ ਸਿੰਘ, ਜਗਦੇਵ ਸਿੰਘ ,ਪ੍ਰਗਟ ਸਿੰਘ ,ਨਿਸਾਨ ਸਿੰਘ ,ਜਸਮੇਲ ਸਿੰਘ ,ਹਰਭਜਨ ਸਿੰਘ ,ਤਰਸੇਮ ਸਿੰਘ ,ਮਲਕੀਤ ਸਿੰਘ ਆਦਿ ਕਰਮਚਾਰੀ ਹਾਜਰ ਸਨ।

## ਕੂ ਦੇ 1 ਕਰੋੜ ਡਾਊਨਲੋਡ ਪੂਰੇ ਹੋਏ

**ਚੰਡੀਗੜ੍ਹ /ਲੋਕ ਬਾਣੀ**

ਭਾਰਤ ਦੀ ਬਹੁ-ਭਾਸਾਈ ਮਾਈਕਰੋ-ਬਲੌਗਿੰਗ ਐਪ, ਕੂ ਨੇ 1 ਕਰੋੜ (10 ਮਿਲੀਅਨ) ਡਾਊਨਲੋਡ ਨੂੰ ਪਾਰ ਕਰ ਲਿਆ ਹੈ, ਜੋ ਮਾਰਚ 2020 ਵਿੱਚ ਇਸਦੇ ਲਾਂਚ ਤੋਂ ਬਾਅਦ ਬਹੁਤ ਜਆਿਦਾ ਵਾਧਾ ਦਰਜ ਕਰ ਰਿਹਾ ਹੈ। ਇਸ ਪਲੇਟਫਾਰਮ ਵਿੱਚ ਹੁਣ ਹਰ ਖੇਤਰ ਦੇ ਲੋਕ ਹਨ- ਕੁਝ ਪ੍ਰਮੁੱਖ ਚਿਹਰਿਆਂ ਸਮੇਤ ਜਿਵੇਂ ਫਿਲਮੀ ਸਿਤਾਰੇ, ਸਿਆਸਤਦਾਨ, ਖਿਡਾਰੀ, ਲੇਖਕ, ਪੱਤਰਕਾਰ - ਆਪਣੇ ਅਪਡੇਟਾਂ ਨੂੰ ਸਾਂਝਾ ਕਰਦੇ ਹੋਏ ਅਤੇ ਆਪਣੇ ਉਪਭੋਗਤਾਵਾਂ ਨਾਲ ਰੋਜਾਨਾ, ਅੱਠ ਭਾਸਾਵਾਂ ਵਿੱਚ ਜੁੜਦੇ ਹਨ ।ਲੜੀਵਾਰ ਉੱਦਮੀਆਂ ਅਪ੍ਰੇਮਿਆ ਰਾਧਾਕ੍ਰਿਸਨ ਅਤੇ ਮਯੰਕ ਬਿਦਾਵਤਕਾ ਦੇ ਦਿਮਾਗ ਦੀ ਉਪਜ, ਕੂ ਹੁਣ ਹਿੰਦੀ, ਕੰਨੜ, ਮਰਾਠੀ, ਤਮਿਲ, ਤੇਲਗੂ, ਅਸਾਮੀ, ਬੰਗਲਾ ਅਤੇ ਅੰਗਰੇਜੀ ਸਮੇਤ 8 ਭਾਸਾਵਾਂ ਵਿੱਚ ਉਪਲਬਧ ਹੈ। ਪਲੇਟਫਾਰਮ ਦੇ ਨਿਰਮਾਣ ਲਈ ਇੰਡੀਆ-ਫਸਟ ਪਹੁੰਚ ਦੇ ਨਾਲ, ਕੂ ਨੇ ਬਹੁਤ ਸਾਰੀਆਂ ਤਕਨੀਕੀ ਵਿਸੇਸਤਾਵਾਂ ਪੇਸ ਕੀਤੀਆਂ ਹਨ ਜੋ ਵਧੇਰੇ ਭਾਰਤੀਆਂ ਨੂੰ ਓਨਲਾਈਨ ਗੱਲਬਾਤ ਵਿੱਚ ਸਾਮਲ ਹੋਣ ਦੇ ਯੋਗ ਬਣਾਉਂਦੀਆਂ ਹਨ, ਉਨ੍ਹਾਂ ਨੂੰ ਪਲੇਟਫਾਰਮ ਦੁਆਰਾ ਆਪਣੇ ਆਪ ਨੂੰ ਸੁਤੰਤਰ ਰੂਪ ਵਿੱਚ ਪ੍ਰਗਟਾਉਣ ਦੇ ਸਮਰੱਥ ਬਣਾਉਂਦੀਆਂ ਹਨ। ਕੂ ਵੱਖੋ ਵੱਖਰੇ ਭਾਸਾ ਕਮਿਊਨਿਟੀਆਂ ਦੇ ਵਿੱਚ ਇੱਕ ਹੀ ਭਾਸਾ ਵਿੱਚ ਸਮਾਨ ਰੁਚੀ ਵਾਲੇ ਉਪਭੋਗਤਾਵਾਂ ਨੂੰ ਲੱਭਣ ਵਿੱਚ ਸਹਾਇਤਾ ਕਰਕੇ ਇੱਕ ਡੂੰਘੇ ਸੰਬੰਧ ਨੂੰ ਸਮਰੱਥ ਬਣਾਉਂਦਾ ਹੈ। ਕੂ ਇੰਡੀਆ-ਫਸਟ ਸੋਚਣ ਲਈ ਵਚਨਬੱਧ ਹੈ ਅਤੇ ਅਗਲੇ ਕੁਝ ਮਹੀਨਿਆਂ ਵਿੱਚ ਭਾਰਤੀਆਂ ਨੂੰ ਬਹੁਤ ਸਾਰੀਆਂ ਵਿਸੇਸਤਾਵਾਂ ਪ੍ਰਦਾਨ ਕਰੇਗਾ ।ਕੂ) ਦੇ ਬੁਲਾਰੇ ਨੇ ਕਿਹਾ, ਕੂ ਦੀ ਸੁਰੂਆਤ ਇੱਕ ਡਿਜੀਟਲ ਪਲੇਟਫਾਰਮ ਬਣਾਉਣ ਦੇ ਸੁਪਨੇ ਨਾਲ ਕੀਤੀ ਗਈ ਸੀ ਜਿੱਥੇ ਲੱਖਾਂ ਭਾਰਤੀ ਸੁਤੰਤਰ ਰੂਪ ਵਿੱਚ ਪ੍ਰਗਟਾ ਸਕਦੇ ਹਨ ਅਤੇ ਆਪਣੀ ਪਸੰਦ ਦੀ ਭਾਸਾ ਵਿੱਚ ਆਪਣੇ ਵਿਚਾਰ ਸਾਂਝੇ ਕਰ ਸਕਦੇ ਹਨ। ਮਾਰਚ 2020 ਵਿੱਚ, ਜਦੋਂ ਤੋਂ ਅਸੀਂ ਲਾਂਚ ਕੀਤਾ ਹੈ ਇਸਦਾ ਅਨੁਭਵ ਦਿਲਚਸਪ ਰਿਹਾ ਹੈ। ਕੂ ਨੇ ਹੁਣ 1 ਕਰੋੜ ਡਾਉਨਲੋਡਸ ਪ੍ਰਾਪਤ ਕੀਤੇ ਹਨ। ਭਵਿੱਖ ਵਿੱਚ ਸਾਡਾ ਵਿਕਾਸ ਉਸ ਨਾਲੋਂ ਵੀ ਤੇਜ ਰਫਤਾਰ ਨਾਲ ਹੋਵੇਗਾ ਜੋ ਅਸੀਂ ਪਿਛਲੇ ਸਮੇਂ ਵਿੱਚ ਅਨੁਭਵ ਕੀਤਾ ਹੈ। ਅਸੀਂ ਦੋਵੇਂ ਨਿਮਰ ਅਤੇ ਉਤਸਾਹਿਤ ਹਾਂ ਕਿ ਘਰੇਲੂ ਉੱਨਤ ਡਿਜੀਟਲ ਕੰਪਨੀਆਂ ਨੂੰ ਵਿਸਵ ਪੱਧਰ 'ਤੇ ਜਾਣ ਦਾ ਰਾਹ ਪੱਧਰਾ ਕੀਤਾ ਜਾਏ ਕਿਉਂਕਿ ਭਾਰਤ' ਆਤਮਨਿਰਭਰ ਡਿਜੀਟਲ ਇੰਡੀਆ 'ਦੇ ਸੁਪਨੇ ਨੂੰ ਹਕੀਕਤ ਬਣਾਉਣ ਅਤੇ ਟੈਕਨਾਲੌਜੀ ਅਤੇ ਭਾਸਾਵਾਂ ਰਾਹੀਂ ਦੇਸ ਨੂੰ ਜੋੜਨ ਦੀ ਇੱਛਾ ਰੱਖਦਾ ਹੈ।"





# ਨਰਿਵਾਇਜਡ ਅਤੇ ਪਾਰਸ਼ਲੀ ਰਿਵਾਇਜਡ ਸਾਂਝਾ ਮੁਲਾਜਮ ਫਰੰਟ ਵੱਲੋਂ ਪੰਜਾਬ ਸਰਕਾਰ ਖਿਲਾਫ ਕੱਲ ਨੂੰ ਵੱਜੇਗਾ ਆਰ ਪਾਰ ਦੀ ਲੜਾਈ ਦਾ ਵਿਗੁਲ

**ਪਟਿਆਲਾ/ਜਗਦੀਸ ਰਾਈਕਾ**

ਪਟਿਆਲਾ: ਜਲ ਸਪਲਾਈ ਤੇ ਸੈਨੀਟੇਸ਼ਨ(ਮ:) ਇੰਪਲਾਈਜ ਯੂਨੀਅਨ ਪੰਜਾਬ ਜਿਲ੍ਹਾ ਪਟਿਆਲਾ ਦੀ ਮੀਟਿੰਗ ਜਿਲ੍ਹਾ ਪ੍ਰਧਾਨ ਰਾਜਪਾਲ ਸਿੰਘ ਲਸੋਈ ਦੀ ਪ੍ਰਧਾਨਗੀ ਹੇਠ ਯੂਨੀਅਨ ਦਫਤਰ ਪਟਿਆਲਾ ਵਿਖੇ ਹੋਈ। ਇਸ ਮੀਟਿੰਗ ਵਿੱਚ ਅਣ ਰਿਵਾਇਜਡ ਅਤੇ ਪਾਰਸ਼ਲੀ ਰਿਵਾਇਜਡ ਸਾਂਝਾ ਫਰੰਟ ਪੰਜਾਬ ਅਤੇ ਯੂ.ਟੀ. ਦੇ ਕਨਵੀਨਰ ਮੁਕੇਸ਼ ਕੁਮਾਰ ਕੰਡਾ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਸੂਬਾ ਆਗੂ ਸੁਖਵੀਰ ਸਿੰਘ ਢੀਂਡਸਾ ਤੇ ਧਰਮਪਾਲ ਸਿੰਘ ਲੌਟ ਵੀ ਉੱਚੇਚੇ ਤੌਰ ਤੇ ਪਹੁੰਚੇ। ਇਸ ਮੌਕੇ ਪ੍ਰਧਾਨ ਲਸੋਈ ਨੇ ਦੱਸਿਆ ਹੈ ਕਿ ਸਰਕਾਰ ਵਿਰੁੱਧ ਫੇਜ8, ਨੇੜੇ ਗੁਰਦੁਆਰਾ ਅੰਬ ਸਾਹਿਬ ਮੋਹਾਲੀ ਵਿਖੇ 28 ਅਗਸਤ ਨੂੰ ਮੋਹਾਲੀ ਨੂੰ ਮਹਾਂ ਰੈਲੀ ਹੋ ਰਹੀ ਹੈ ਜਿਸ ਸਬੰਧੀ ਪੂਰੇ ਪੰਜਾਬ ਵਿੱਚ ਜਿਲ੍ਹਾ ਪੱਧਰ ਤੇ ਤਿਆਰੀਆਂ ਮੁਕੰਮਲ ਹੋ ਗਈਆਂ ਹਨ ਤੇ ਪਟਿਆਲਾ ਵੱਲੋਂ ਬਹੁਗਿਣਤੀ ਵਿੱਚ ਮੁਲਾਜਮ ਇਸ ਰੈਲੀ ਵਿੱਚ ਕਾਫਲੇ ਦੇ ਰੂਪ ਵਿੱਚ ਸ਼ਾਮਿਲ ਹੋ ਰਹੇ ਹਨ। ਰੈਲੀ ਤੋਂ ਬਾਅਦ ਪੰਜਾਬ ਵਿਧਾਨ ਸਭਾ ਚੰਡੀਗੜ੍ਹ ਵੱਲ ਹਜਾਰਾਂ ਮੁਲਾਜਮਾਂ ਵੱਲੋਂ ਕੂਚ ਕੀਤਾ ਜਾਵੇਗਾ ਜਿਸਦੀ ਅਗਵਾਈ ਕੋਆਰਡੀਨੇਟਰ ਸੁਖਨੰਦਨ ਸਿੰਘ ਮੈਹਣੀਆਂ ਤੇ ਦਲਜੀਤ ਸਿੰਘ ਭਾਂਖਰ ਕਨਵੀਨਰ ਕਰਨਗੇ।ਜਿਲ੍ਹੇ ਦੀਆਂ ਸਾਰੀਆਂ ਬਰਾਂਚਾਂ ਦੇ ਆਗੂ ਸਾਹਿਬਾਨਾਂ ਤੇ ਵਰਕਰਾਂ ਵਿੱਚ ਪੰਜਾਬ ਸਰਕਾਰ ਖਿਲਾਫ ਰੋਸ ਦੀ ਲਹਿਰ ਚੱਲ ਰਹੀ ਹੈ। ਕਿਉਂਕਿ 2011 ਵਿੱਚ ਜੋ ਅਣ ਰਿਵਾਇਜਡ ਤੇ ਪਾਰਸ਼ਲੀ ਰਿਵਾਇਜਡ ਕੈਟਾਗਰੀਆਂ ਨਾਲ ਸਬ ਕਮੇਟੀ ਵੱਲੋਂ ਬੇਇਨਸਾਫੀ ਕੀਤੀ ਗਈ। ਉਸਨੂੰ ਪਹਿਲਾਂ ਸਰਕਾਰ ਪੇ ਪੈਰਟੀ ਬਹਾਲ ਕਰੇ ਤੇ ਬਾਅਦ ਵਿੱਚ ਕੋਈ ਗੁਣਾਂਕ ਕਰਕੇ ਬਰਾਬਰ ਸਕੇਲ ਸਾਰੇ ਮੁਲਾਜਮਾਂ ਨੂੰ ਦੇਵੇ। ਅਗਰ ਸਰਕਾਰ ਨੇ ਫਿਰ ਕੋਈ ਬੇਇਨਸਾਫੀ ਕੀਤੀ ਤਾਂ ਸਰਕਾਰ ਦੇ ਖਿਲਾਫ ਆਰ ਪਾਰ ਦਾ ਬਿਗਲ 28 ਅਗਸਤ ਨੂੰ ਮੋਹਾਲੀ ਰੈਲੀ ਕਰਕੇ ਵਜਾ ਦਿੱਤਾ ਜਾਵੇਗਾ ਜਿਸ ਦੇ ਗੰਭੀਰ ਸਿੱਟੇ ਨਿਕਲਣਗੇ ਤੇ ਸਰਕਾਰ ਜਿੰਮੇਵਾਰ ਹੋਵੇਗੀ।ਮੁਲਾਜਮਾਂ ਵਿੱਚ ਗੁੱਸੇ ਦੀ ਲਹਿਰ ਚੱਲ ਰਹੀ ਹੈ। ਇਸ ਮੌਕੇ ਗੁਰਦੇਵ ਸਿੰਘ ਸਿਰਸਵਾਲ, ਭੁਪਿੰਦਰ ਸਿੰਘ, ਨੰਦ ਲਾਲ, ਨਿਰਮਲ ਸਿੰਘ, ਸਾਧੂ ਖਾਂ, ਗੁਰਮੇਲ ਸਿੰਘ, ਸੁਰਿੰਦਰ ਸਿੰਘ ਰਾਜਪੁਰਾ, ਰੁਲਦਾ ਸਿੰਘ ਬਹਾਦੁਰਗੜ, ਦੀਪਕ ਕੁਮਾਰ, ਸੰਜੈ ਅਰੋੜਾ, ਗੁਰਮੁੱਖ ਸਿੰਘ ਸੰਘੋਲ, ਮੇਜਰ ਸਿੰਘ ਕੋਟਕਲਾਂ, ਚਮਕੌਰ ਸਿੰਘ, ਸੁਖਵਿੰਦਰ ਸਿੰਘ, ਗੁਰਚਰਨ ਸਿੰਘ ਆਦਿ ਆਗੂ ਹਾਜਰ ਸਨ।

# ਡੀ.ਆਈ.ਜੀ. ਲੁਧਿਆਣਾ ਵੱਲੋਂ ਰੇਂਜ ਐਸ.ਐਸ.ਪੀਜ਼ ਤੇ ਹੋਰ ਅਧਿਕਾਰੀਆਂ ਨਾਲ ਮੀਟਿੰਗ



**ਲੁਧਿਆਣਾ/ਲੋਕ ਬਾਣੀ**

ਡੀ.ਆਈ.ਜੀ. ਲੁਧਿਆਣਾ ਰੇਂਜ ਸ.ਗੁਰਪ੍ਰੀਤ ਸਿੰਘ ਭੁੱਲਰ ਵੱਲੋਂ ਅੱਜ ਤਿੰਨ ਸੀਨੀਅਰ ਪੁਲਿਸ ਕਪਤਾਨਾਂ (ਐਸ.ਐਸ.ਪੀ.), ਹੋਰ ਰੇਂਜ ਦੇ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਅਤੇ ਉਨ੍ਹਾਂ ਨੂੰ ਆਪਣੇ ਅਧੀਨ ਖੇਤਰਾਂ ਵਿੱਚ ਹਰ ਪੱਖੋਂ ਸੁਰੱਖਿਆ ਪ੍ਰਬੰਧ ਮਜ਼ਬੂਤ ਰੱਖਣ ਦੇ ਨਿਰਦੇਸ਼ ਦਿੱਤੇ। ਐਸ.ਐਸ.ਪੀ. ਐਸ.ਬੀ.ਐਸ. ਨਗਰ ਸ.ਹਰਮਨਬੀਰ ਸਿੰਘ ਗਿੱਲ, ਐਸ.ਐਸ.ਪੀ. ਜਗਰਾਉਂ ਸ.ਗੁਰਦਿਆਲ ਸਿੰਘ, ਐਸ.ਐਸ.ਪੀ. ਖੰਨਾ ਸ.ਗੁਰਸ਼ਰਨ ਸਿੰਘ ਅਤੇ ਹੋਰਨਾਂ ਨਾਲ ਇੱਕ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡੀ.ਆਈ.ਜੀ. ਸ.ਗੁਰਪ੍ਰੀਤ ਸਿੰਘ ਭੁੱਲਰ ਨੇ ਉਨ੍ਹਾਂ ਨੂੰ ਕਿਹਾ ਕਿ ਉਹ ਆਪਣੇ ਖੇਤਰਾਂ ਵਿੱਚ ਕਾਨੂੰਨ ਵਿਵਸਥਾ ਨੂੰ ਕਾਇਮ ਰੱਖਣ ਲਈ ਹਰ ਸੰਭਵ ਯਤਨ ਕਰਨ। ਉਨ੍ਹਾਂ ਵਿਸ਼ੇਸ਼ ਤੌਰ 'ਤੇ ਪੁਲਿਸ ਮੁਖੀਆਂ ਦੀ ਅਗਵਾਈ ਵਾਲੀ ਰਾਤ ਦੀ ਗਸ਼ਤ, ਸ਼ਹਿਰਾਂ ਦੇ ਪ੍ਰਵੇਸ਼ ਸਥਾਨਾਂ ਨੂੰ ਸੀਲ ਕਰਨ, ਸਖਤ ਚੈਕਿੰਗ ਅਤੇ ਨਾਕਿਆਂ ਦੀ ਲੋੜ 'ਤੇ ਜ਼ੋਰ ਦਿੱਤਾ ਅਤੇ ਉਨ੍ਹਾਂ ਨੂੰ ਪ੍ਰਭਾਵੀ ਉਪਾਵਾਂ ਲਈ ਰੋਜ਼ਾਨਾ ਮੀਟਿੰਗਾਂ ਦੇ ਨਾਲ-ਨਾਲ 24 ਘੰਟੇ ਸਥਿਤੀ ਦੀ ਨਿਗਰਾਨੀ ਕਰਨ ਲਈ ਕਿਹਾ। ਡੀ.ਆਈ.ਜੀ. ਨੇ ਕਿਹਾ ਕਿ ਪ੍ਰਮੁੱਖ ਥਾਵਾਂ ਜਿਵੇਂ ਭੀੜ-ਭਾੜ ਵਾਲੇ ਬਾਜ਼ਾਰਾਂ ਆਦਿ ਵਿੱਚ ਸੁਰੱਖਿਆ ਦੇ ਵਿਸ਼ੇਸ਼ ਪ੍ਰਬੰਧ ਕੀਤੇ ਜਾਣੇ ਚਾਹੀਦੇ ਹਨ। ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਥਾਣਿਆਂ ਅਤੇ ਪੀ.ਸੀ.ਆਰ. ਜਾਂ ਰੂਰਲ ਰੈਪਿਡ ਰਿਸਪਾਂਸ ਟੀਮ ਦੁਆਰਾ ਲੋਕਾਂ ਦੁਆਰਾ ਅਪਰਾਧ ਜਾਂ ਦੁਰਘਟਨਾ ਦੇ ਸੰਬੰਧ ਵਿੱਚ ਕੀਤੀ ਗਈ ਕਿਸੇ ਵੀ ਕਾਲ ਦਾ ਤੁਰੰਤ ਜਵਾਬ ਯਕੀਨੀ ਬਣਾਉਣ ਲਈ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ। ਇਸ ਤੋਂ ਇਲਾਵਾ, ਉਨ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਅਤੇ ਉਨ੍ਹਾਂ ਨੂੰ ਤੁਰੰਤ ਨਿਆਂ ਯਕੀਨੀ ਬਣਾਉਣ ਵਿੱਚ ਸਭ ਤੋਂ ਵੱਧ ਤਰਜੀਹ ਦੇਣ ਲਈ ਵੀ ਕਿਹਾ। ਡੀ.ਆਈ.ਜੀ. ਭੁੱਲਰ ਨੇ ਕਿਹਾ ਕਿ ਆਪਣੇ-ਆਪਣੇ ਖੇਤਰਾਂ ਵਿੱਚ ਚੌਕਸੀ ਵਧਾਈ ਜਾਣੀ ਚਾਹੀਦੀ ਹੈ ਅਤੇ ਸੀਨੀਅਰ ਅਧਿਕਾਰੀਆਂ ਨੂੰ ਕਿਹਾ ਕਿ ਉਹ ਆਪਣੇ ਖੇਤਰਾਂ ਵਿੱਚ ਨਾਕਿਆਂ ਦੀ ਖੁਦ ਨਿਗਰਾਨੀ ਕਰਨ। ਇਸ ਤੋਂ ਇਲਾਵਾ, ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਉਹ ਸਮਾਜ ਵਿਰੋਧੀ ਅਨਸਰਾਂ ਨੂੰ ਉਨ੍ਹਾਂ ਦੀਆਂ ਗਤੀਵਿਧੀਆਂ 'ਤੇ ਬਾਜ਼ ਵਾਲੀ ਅੱਖ ਰੱਖਣ ਦੇ ਨਾਲ-ਨਾਲ ਜ਼ਮਾਨਤ 'ਤੇ ਆਏ ਅਪਰਾਧੀਆਂ ਦੀ ਨਿਗਰਾਨੀ ਨੂੰ ਵੀ ਯਕੀਨੀ ਬਣਾਉਣ।

# ਭਾਈ ਘਨੱਈਆ ਹਾਲ ਨੇੜੇ ਗੁਰਦੁਆਰਾ ਟਿਕਾਣਾ ਭਾਈ ਰਾਮ ਕਿਸ਼ਨ ਵਿਖੇ ਲੱਗੀ 200 ਵਿਅਕਤੀਆਂ ਨੂੰ ਡੋਜ਼..

**ਪਟਿਆਲਾ /ਗੁਰਪ੍ਰੀਤ ਸਿੰਘ**
**ਜਖਵਾਲੀ/ਅਮਰੀਕ ਸਿੰਘ ਮੰਡੀ**

ਡਿਪਟੀ ਕਮਿਸਨਰ ਪਟਿਆਲਾ ਅਤੇ ਸਿਹਤ ਵਿਭਾਗ ਪੰਜਾਬ ਦੇ ਦਿਸਾ ਨਿਰਦੇਸਾਂ ਅਨੁਸਾਰ ਕੋਵਿਡ -19 ਵੈਕਸੀਨੇਸਨ ਕੈਂਪ ਮਿਤੀ 26-8-2021 ਨੂੰ ਭਾਈ ਘਨੱਈਆ ਹਾਲ ਨੇੜੇ ਗੁਰਦੁਆਰਾ ਟਿਕਾਣਾ ਭਾਈ ਰਾਮ ਕਿਸਨ ਟੀ ਬੀ ਹਸਪਤਾਲ ਰੋਡ ਸੇਰਾਂ ਵਾਲਾ ਗੇਟ ਪਟਿਆਲਾ ਵਿਖੇ ਲਗਾਇਆ ਗਿਆ ਜਿਸ ਵਿੱਚ ਪਹਿਲੀ ਡੋਜ ਤੇ ਦੂਜੀ ਡੋਜ ਲਗਾਈ ਗਈ। ਇਹ ਡੋਜ 18 ਸਾਲ ਤੋਂ ਵੱਧ ਉਮਰ ਦੇ ਵਿਅਕਤੀਆਂ ਨੂੰ ਲਗਾਈ ਗਈ ।ਜਿਸ ਵਿੱਚ ਫ਼ਤਹਿ ਐਕਸਪ੍ਰੈਸ ਤੋਂ ਜ਼ਿਲਾ ਇੰਚਾਰਜ ਗੁਰਪ੍ਰੀਤ ਸਿੰਘ ਜਖਵਾਲੀ ਅਤੇ ਹਾਰਡ ਬ੍ਰੇਨਜ਼ ਫਿਨਾਸਿਆਲ ਸਰਵਿਸ ਅਮਰੀਕ ਸਿੰਘ ਮੰਡੀ ਤੇ ਗਿਆਨ ਜਯੋਤੀ ਐਜੂਕੇਸ਼ਨ ਉਪਕਾਰ ਸਿੰਘ ਉਹਨਾਂ ਦੇ ਸਹਿਯੋਗ ਨਾਲ ਵਿਸ਼ਾਲ ਮੈਗਾ ਕੈਂਪ ਲਗਾਇਆ ਗਿਆ ਜਿਸ ਵਿੱਚ 200 ਡੋਜ਼ ਲਗਾਈ ਗਈ ਜਿਸ ਵਿੱਚ ਸਿਹਤ ਵਿਭਾਗ ਵੱਲੋਂ ਡਾਕਟਰ ਵਿਨੂੰ ਗੋਇਲ, ਡਾਕਟਰ ਰੰਜਨਾ ਤੇ ਨਰਸਿੰਗ ਸਟਾਫ਼ ਮਨਜੀਤ ਕੌਰ, ਜਸਪ੍ਰੀਤ ਕੌਰ, ਕਾਜਲ ,ਰਚਨਾ ,ਅਮਰੀਕ ਸਿੰਘ ਮੰਡੀ ,ਉਪਕਾਰ ਸਿੰਘ ,ਮਨਮੋਹਨ ਸਿੰਘ ਮੰਡੀ,ਜੋਗਿੰਦਰ ਸਿੰਘ, ਜਗਤਾਰ ਸਿੰਘ, ਗੁਰਪਾਲ ਸਿੰਘ, ਸੇਵਾ ਸਿੰਘ,ਸਤਿੰਦਰ ਸਿੰਘ, ਹੈਪੀ,ਕਮਲ ,ਗੁਰਜੀਤ ਸਿੰਘ, ਪੂਨਮ ,ਹਰਮਨ, ਰੇਨੂੰ,ਹਰਦੀਪ ਕੌਰ ਜੱਸੋਵਾਲ,ਮਨਜੀਤ ਕੌਰ, ਰਸਵਿੰਦਰ ਸਿੰਘ .ਜੇਜੀ, ਵਰਿੰਦਰ ਸਿੰਘ ਆਦਿ ਹਾਜ਼ਰ ਰਹੇ ।ਇਸ ਮੌਕੇ ਵਿਸ਼ੇਸ ਤੌਰ ਤੇ ਪ੍ਰਧਾਨ ਉਪਕਾਰ ਸਿੰਘ ਤੇ ਗਿਆਨ ਜਯੋਤੀ ਐਜੂਕੇਸ਼ਨ ਵੱਲੋ ਆਏ ਹੋਏ ਸਟਾਫ਼ ਨੂੰ ਸਰਟੀਫਿਕੇਟ ਦੇਕੇ ਸਨਮਾਨਿਤ ਕੀਤਾ ਗਿਆ।



# ਕੈਪਟਨ ਸਰਕਾਰ ਤੇ ਇੱਕ ਵਾਰ ਫੇਰ ਵਿਕਾਸ ਕਾਰਜਾਂ ਨੂੰ ਲੈ ਕੇ ਉੱਠੇ ਸਵਾਲ...



**ਤਰਨਤਾਰਨ/ਦਿਲਬਾਗ ਸਿੰਘ ਜੌਹਲ**

ਤਰਨਤਾਰਨ ਜ਼ਿਲੇ ਦੇ ਅਧੀਨ ਆਉਂਦੇ ਪਿੰਡ ਢੋਟੀਆਂ ਤੋਂ ਤਾਜ਼ਾ ਮਾਮਲਾ ਸਾਹਮਣੇ ਆਇਆ ਹੈ ਜਿੱਥੇ ਕਿ ਮੀਡੀਆ ਨਾਲ ਗੱਲਬਾਤ ਹੋਏ ਪਿੰਡ ਵਾਸੀਆਂ ਨੇ ਕਿਹਾ ਕਿ ਅਸੀਂ ਧਰਨੇ ਲਾਹੁਣ ਲਈ ਮਜਬੂਰ ਹੋ ਚੁੱਕੇ ਹਾਂ 73 ਸਾਲਾਂ ਦੀ ਆਜਾਦੀ ਤੋਂ ਬਾਅਦ ਵੀ ਅਸੀਂ ਪਿੰਡ ਪੱਧਰਾਂ ਤੇ ਗੁਲਾਮ ਹੋ ਕੇ ਰਹਿ ਚੁੱਕੇ ਹਾਂ ਜਿਹੜਾ ਲੀਡਰ ਆਉਂਦਾ ਹੈ ਵਿਕਾਸ ਦੇ ਨਾਂ ਤੇ ਵੋਟਾਂ ਇਕੱਠੀਆਂ ਕਰਦਾ ਹੈ ਪਰ ਪਿੰਡ ਦਾ ਕੋਈ ਵੀ ਵਿਕਾਸ ਨਹੀਂ ਕਰਦਾ ਪਿੰਡ ਢੋਟੀਆਂ ਵਿਚ ਪਿਛਲੇ ਲੰਮੇ ਸਮੇਂ ਤੋਂ ਵਿਕਾਸ ਨਹੀਂ ਹੋਇਆ ..ਪਿੰਡ ਦੀਆਂ ਗਲੀਆਂ ਵਿੱਚ ਜੋ ਨਾਲੀਆਂ ਬਣਾਈਆਂ ਗਈਆਂ ਹਨ ਉਨ੍ਹਾਂ ਵਿਚ ਕੂੜਾ ਕਰਕਟ ਫਸਿਆ ਹੋਇਆ ਹੈ ਸੀਵਰੇਜ ਬੰਦ ਪਏ ਹਨ ਪਾਣੀ ਦਾ ਨਿਕਾਸ ਕਿਸੇ ਪਾਸੇ ਵੀ ਨਹੀਂ ਹੈ ਜਦੋਂ ਅਸੀਂ ਪਿੰਡ ਦਾ ਪਾਣੀ ਖੇਤਾਂ ਵੱਲ ਕੱਢਦੇ ਹਾਂ ਤਾਂ ਕਿਸਾਨਾਂ ਨਾਲ ਵੀ ਸਾਡੀ ਲੜਾਈ ਹੁੰਦੀ ਹੈ ਕਿਸਾਨ ਕਹਿੰਦੇ ਹਨ ਕਿ ਸਾਡੇ ਖੇਤਾਂ ਵੱਲ ਪਾਣੀ ਨਾ ਭੇਜੋ ਜ਼ਿਆਦਾ ਪਾਣੀ ਆਉਣ ਨਾਲ ਸਾਡੀ ਫ਼ਸਲ ਖ਼ਰਾਬ ਹੁੰਦੀ ਹੈ ..ਜੋ ਪਿੰਡ ਦੇ ਛੱਪੜ ਹਨ ਉਨ੍ਹਾਂ ਦੀ ਵੀ ਕੋਈ ਵੀ ਸਫਾਈ ਨਹੀਂ ਕਰਵਾਈ ਜਾ ਰਹੀ .ਪਿੰਡ ਵਾਸੀ ਕਹਿੰਦੇ ਹਨ ਕਿ ਹਲਕਾ ਵਿਧਾਇਕ ਵੱਲੋਂ ਇਹ ਗੱਲ ਕਹੀ ਗਈ ਹੈ ਕਿ ਇਸ ਪਿੰਡ ਨੂੰ 2 ਕਰੋੜ ਤੋਂ ਵੱਧ ਰਾਸ਼ੀ ਮੁਹੱਈਆ ਕਰਵਾਈ ਗਈ ਹੈ ਸੋਚਣ ਵਾਲੀ ਤਾਂ ਗੱਲ ਇਹ ਹੈ ਕਿ ਉਹ ਪੈਸੇ ਕਿੱਥੇ ਗਏ ਹਨ ..ਜੇਕਰ ਪੰਜਾਬ ਸਰਕਾਰ ਵੱਲੋਂ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਦੀ ਗੱਲ ਕਰੀਏ ਤਾਂ ਆਟਾ ਦਾਲ ਸਕੀਮਾਂ ਦਾ ਵੀ ਪੂਰੇ ਗ਼ਰੀਬ ਪਿੰਡ ਵਾਸੀਆਂ ਨੂੰ ਲਾਭ ਨਹੀਂ ਮਿਲ ਰਿਹਾ ..ਪਿੰਡ ਦੇ ਆਲੇ ਦੁਆਲੇ ਗੰਦਗੀ ਦੇ ਢੇਰ ਲੱਗੇ ਹਨ ਪਿੰਡ ਦੀ ਪੰਚਾਇਤ ਨੂੰ ਸਾਫ ਸਫਾਈ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ ....ਇਸ ਮਾਮਲੇ ਸਬੰਧੀ ਜਦ ਸਰਪੰਚ ਅਜਮੇਰ ਸਿੰਘ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਮੈਨੂੰ ਸਰਪੰਚ ਬਣੇ ਅਜੇ 2 ਸਾਲ ਹੀ ਹੋਏ ਹਨ ਮੇਰੇ ਵੱਲੋਂ ਪਿੰਡ ਦਾ ਵਿਕਾਸ ਵੱਡੇ ਪੱਧਰ ਤੇ ਕੀਤਾ ਜਾ ਰਿਹਾ ਹੈ . ਜੋ ਦੁਕਾਨਦਾਰਾਂ ਨੇ ਆਪਣੀਆਂ ਦੁਕਾਨਾਂ ਦੇ ਅੱਗੇ ਥੜ੍ਹੇ ਬਣਾਏ ਹਨ ਜਿਨ੍ਹਾਂ ਕਰਕੇ ਪਾਣੀ ਅੱਗੇ ਨਹੀਂ ਲੰਘ ਰਿਹਾ ਇਸ ਪਾਣੀ ਦੇ ਮੁੱਦੇ ਤੇ ਸਿਆਸਤ ਹੋ ਰਹੀ ਹੈ ਅਸੀਂ ਪੂਰੇ ਪਿੰਡ ਦਾ ਵਿਕਾਸ ਕਰਵਾ ਰਹੇ ਹਾਂ।

**■ ਆਜ਼ਾਦੀ ਤੋਂ ਬਾਅਦ ਸਰਕਾਰਾਂ ਅੱਜ ਤਕ ਵਿਕਾਸ ਦੇ ਮੁੱਦਿਆਂ ਤੇ ਹੀ ਚੋਣਾਂ ਲੜਦੀਆਂ ਆ ਰਹੀਆਂ ਹਨ : ਪਿੰਡ ਵਾਸੀ**

# ਵਾਰਡ ਨੰ. 1 ਵਿੱਚ ਖੜਾ ਗੰਦਾ ਪਾਣੀ ਬਿਮਾਰੀ ਫੈਲਣ ਦਾ ਖਤਰਾ ਵਾਰਡ ਤੇ ਕੌਂਸਲਰ ਤੇ ਮੇਅਰ ਨਹੀਂ ਦੇ ਰਹੇ ਧਿਆਨ

**ਪਟਿਆਲਾ/ਜਗਦੀਸ਼ ਰਾਈਕਾ**



ਵਾਰਡ ਨੰ. 1 ਦੇ ਪ੍ਰਧਾਨ ਜਗਮੋਹਨ ਸਿੰਘ ਨੌਲੱਖਾ ਨੇ ਪ੍ਰੈਸ ਨੂੰ ਲਿਖਤੀ ਬਿਆਨ ਵਿੱਚ ਦੱਸਿਆ ਕਿ ਥਾਪਰ ਯੂਨੀਵਰਸਿਟੀ ਦੇ ਗੇਟ ਸਾਹਮਣੇ ਸੀਵਰੇਜ ਦਾ ਖੜਾ ਗੰਦਾ ਪਾਣੀ ਜੋ ਬਿਮਾਰੀਆਂ ਲੱਗਣ ਦਾ ਬਣਿਆ ਖਤਰਾ ਪੰਜਾਬ ਸਰਕਾਰ ਦੇ ਅਧਿਕਾਰੀ, ਕੌਂਸਲਰ, ਮੇਅਰ ਸਾਹਿਬ ਨਹੀਂ ਕਰ ਰਹੇ ਧਿਆਨ ਜਿਸ ਕਰਕੇ ਇਲਾਕਾ ਨਿਵਾਸੀਆਂ ਨੇ ਰੋਸ ਪ੍ਰਗਟ ਕਰਦੇ ਹੋਏ ਦੱਸਿਆ ਕਿ ਜੇਕਰ ਇੱਕ ਹਫਤੇ ਦੇ ਅੰਦਰ ਅੰਦਰ ਗੰਦੇ ਪਾਣੀ ਦਾ ਇੰਤਜਾਮ ਨਹੀਂ ਕੀਤਾ ਤਾਂ ਇਲਾਕਾ ਨਿਵਾਸੀ ਸੜਕ ਜਾਮ ਕਰਕੇ ਪੰਜਾਬ ਸਰਕਾਰ ਵਿਰੁੱਧ ਰੋਸ ਪ੍ਰਗਟ ਕਰਨਗੇ ਜਿਸਦੀ ਸਾਰੀ ਜ਼ੁੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ। ਮੇਅਰ ਸੰਜੀਵ ਬਿੱਟੂ ਨੂੰ ਅਪੀਲ ਕੀਤੀ ਕਿ ਗਲੀਆਂ ਵਿੱਚ ਖੜਾ ਗੰਦਾ ਪਾਣੀ ਦਾ ਮਸਲਾ ਤੁਰੰਤ ਹੱਲ ਕਰਨ।ਨਗਰ ਨਿਗਮ ਦੇ ਕਮਿਸ਼ਨਰ ਸਾਹਿਬ ਵੀ ਵਾਰਡ ਨੰ. 1 ਵੱਲ ਦੇਣ ਧਿਆਨ ਮਿਤੀ 2.9.2021 ਨੂੰ ਪ੍ਰਸ਼ਾਸਨ ਵਿਰੁੱਧ ਕੀਤੀ ਜਾਵੇਗੀ ਰੋਸ ਰੈਲੀ।

# ਸਾਹਿਤਕਾਰ ਡਾ ਵਿਨੋਦ ਸਰਮਾ ਨੇ ਭੁਪੇਂਦਰ ਸਿੰਘ ਹੁੱਡਾ ਨੂੰ ਕਵਿਤਾ ਸੰਗ੍ਰਹਿ ਭੇਟ ਕੀਤਾ



**ਚੰਡੀਗੜ੍ਹ/ਵਿਨੋਦ ਕੁਮਾਰ**

ਸਾਹਿਤਕਾਰ ਡਾ ਵਿਨੋਦ ਕੁਮਾਰ ਸਰਮਾ ਨੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਨੂੰ ਉਨ੍ਹਾਂ ਦੇ ਸਰਕਾਰੀ ਨਿਵਾਸ 'ਤੇ ਇੱਕ ਵਿਸੇਸ ਮੁਲਾਕਾਤ ਦੌਰਾਨ ਆਪਣਾ ਕਾਵਿ ਸੰਗ੍ਰਹਿ "ਬਦਤੇ ਕਦਮ" ਭੇਂਟ ਕੀਤਾ। ਇਸ ਦੌਰਾਨ ਡਾ ਸਰਮਾ ਨੇ ਐਮਐਸ ਚੋਪੜਾ, ਓਐਸਡੀ ਨੂੰ ਕਾਵਿ ਸੰਗ੍ਰਹਿ ਵੀ ਭੇਟ ਕੀਤਾ। ਉਨ੍ਹਾਂ ਨੇ ਡਾ ਵਿਨੋਦ ਸਰਮਾ ਨੂੰ ਇਸ ਕਾਵਿ ਸੰਗ੍ਰਹਿ ਲਈ ਵਧਾਈ ਦਿੱਤੀ ਹੈ। ਇਸ ਮੌਕੇ ਸਾਹਿਤਕਾਰ ਪ੍ਰੇਮ ਵਿਜ ਅਤੇ ਅਤੇ ਸਾਬਕਾ ਮੁੱਖ ਮੰਤਰੀ ਦੇ ਮੀਡੀਆ ਸਲਾਹਕਾਰ ਸੁਨੀਲ ਪਰਤੀ ਵੀ ਮੌਜੂਦ ਸਨ।

# ਮੈਡੀਮਿਕਸ ਨੇ ਫੇਸ ਕੇਅਰ ਰੇਂਜ ਨੂੰ ਫਿਰ ਤੋਂ ਲਾਂਚ ਕੀਤਾ

**ਬਠਿੰਡਾ/ਲੋਕ ਬਾਣੀ**

ਚੋਲਾਯਿਲ ਗਰੁੱਪ, ਆਯੁਰਵੇਦ ਅਤੇ ਸਕਿਨ ਦੀ ਦੇਖਭਾਲ ਦਾ ਨਾਂਅ ਹੈ, ਜਿਸਨੂੰ ਮੈਡੀਮਿਕਸ ਦੇ ਨਾਂਅ ਨਾਲ ਮਸ਼ਹੂਰ ਬ੍ਰਾਂਡ ਦੇ ਨਾਲ ਆਯੁਰਵੇਦਿਕ ਸਕਿਨ ਦੇਖਭਾਲ ਸਮਾਧਾਨ ਪ੍ਰਦਾਨ ਕਰਨ ਵਿਚ 50 ਸਾਲਾਂ ਤੋਂ ਜਿਆਦਾ ਦੀ ਮਾਹਿਰਤਾ ਹੈ। ਮੈਡੀਮਿਕਸ ਨੇ ਨਵੇਂ ਅਤੇ ਬਿਹਤਰ ਫਾਰਮੂਲੇਸ਼ਨ, ਰੰਗੀਨ ਅਤੇ ਜੀਵਿਤ ਪੈਕੇਜਿੰਗ ਅਤੇ ਬਹੁਤ ਜਿਆਦਾ ਪ੍ਰਭਾਵੀ ਸਕਿਨ ਲਾਭਾਂ ਦੇ ਨਾਲ ਆਪਣੀ ਮਸ਼ਹੂਰ ਫੇਸ ਕੇਅਰ ਰੇਂਜ ਨੂੰ ਫਿਰ ਤੋਂ ਲਾਂਚ ਕੀਤਾ, ਜਿਹੜਾ ਫਾਸਟ - ਐਕਟਿੰਗ ਆਯੁਰਵੇਦ ਦੀ ਪੇਸ਼ਕਸ਼ ਦੀ ਉਨ ਾਂ ਦੀ ਕਹਾਣੀ ਨੂੰ ਦਰਸਾਉਂਦਾ ਹੈ। ਹਰੇਕ ਪੇਸ਼ਕਸ਼ ਦੀ ਕਲਪਨਾ ਆਖਰੀ ਉਪਭੋਗਤਾ ਦੀਆਂ ਜਰੂਰਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਅੱਜ ਦੇ ਨੌਜਵਾਨਾਂ ਦੀ ਬਦਲਦੀ ਜੀਵਨਸ਼ੈਲੀ ਨੂੰ ਧਿਆਨ ਵਿਚ ਰੱਖਦੇ ਹੋਏ ਕੀਤੀ ਗਈ ਹੈ।ਪੂਰੀ ਰੇਂਜ ਨੂੰ ਨਿੰਮ, ਐਲੋਵੀਰਾ, ਕੇਸਰ, ਹਲਦੀ, ਨਿੰਬੂ, ਸ਼ਹਿਦ, ਵੇਸਣ, ਗੰਨਾ, ਅਦਰਕ, ਮੁਲਤਾਨੀ ਮਿੱਟੀ ਅਤੇ ਤਨਾਕਾ, ਲੋਧਰਾ, ਅਮਾਇਆ ਅਤੇ ਮੰਜਿਸ਼ਠ ਜਿਹੀਆਂ ਬਿਹਤਰੀਨ ਆਯੁਰਵੇਦਿਕ ਜੜੀ ਬੂਟੀਆਂ ਨਾਲ ਤਿਆਰ ਕੀਤਾ ਗਿਆ ਹੈ, ਜਿਹੜੀ ਇਸਦੀਆਂ ਜੜਾਂ ਤੋਂ ਸਕਿਨ ਨੂੰ ਚੌਤਰਫਾ ਸੁਰੱਖਿਆ ਅਤੇ ਦੇਖਭਾਲ ਪ੍ਰਦਾਨ ਕਰਦੀ ਹੈ। ਇਹ ਮੁੜ ਲਾਂਚ ਕੀਤੇ ਗਏ ਉਤਪਾਦ ਆਯੁਰਵੇਦ ਦੀ ਮੱਧਮ ਪੈਂਦੀ ਦਿੱਖ ਨੂੰ ਤੋੜਦੇ ਹੋਏ 'ਫਾਸਟ ਐਕਟਿੰਗ ਆਯੁਰਵੇਦ' ਟੈਗਲਾਈਨ ਦੇ ਨਾਲ ਇਕਦਮ ਨਵੀਂ ਪੈਕੇਜਿੰਗ ਵਿਚ ਆਉਣਗੇ।ਉਨ ਾਂ ਦਾ ਪ੍ਰਮੁੱਖ ਉਤਪਾਦ ਐਂਟੀ ਪਿੰਪਲ ਫੇਸਵਾਸ਼ 6 ਅਵਿਸ਼ਵਾਸਯੋਗ ਰੂਪ ਨਾਲ ਸ਼ਕਤੀਸ਼ਾਲੀ ਜੜੀ ਬੂਟੀਆਂ ਨਾਲ ਬਣਿਆ ਹੈ, ਜਿਨ ਾਂ ਨੇ ਰਿਸਰਚ ਵਿਚ ਬਿਹਤਰੀਨ ਨਤੀਜੇ ਪ੍ਰਦਰਸ਼ਿਤ ਕੀਤੇ ਹਨ। ਐਂਟੀ ਐਕਨੇ ਫੇਸਵਾਸ਼ ਦੇ ਲਈ ਹਾਲ ਹੀ ਵਿਚ ਕੀਤੀ ਗਈ ਕੰਜਿਊਮਰ ਸਟਡੀ ਤੋਂ ਪਤਾ ਲੱਗਿਆ ਹੈ ਕਿ, 3 ਵਿਚੋਂ 2 ਲੋਕਾਂ ਨੇ ਮੈਡੀਮਿਕਸ ਐਂਟੀ ਪਿੰਪਲ ਫੇਸ ਵਾਸ਼ ਦੀ ਵਰਤੋਂ ਕਰਨ ਦੇ 3 ਦਿਨਾਂ ਦੇ ਬਾਅਦ ਪਿੰਪਲਸ ਵਿਚ ਕਮੀ ਦੇਖੀ। ਮੈਡੀਮਿਕਸ ਦੇ ਐਂਟੀ ਪਿੰਪਲ ਫੇਸ ਵਾਸ਼ ਨੂੰ ਇਸਦੇ ਸਿਗਨੇਚਰ ਕਾਨਕੋਕਸ਼ਨ




ਦੀ ਵਰਤੋਂ ਕਰਕੇ ਤਿਆਰ ਕੀਤਾ ਗਿਆ ਹੈ ਜਿਹੜਾ ਕਰੂਰਤਾ ਮੁਕਤ (ਨੋ ਐਨੀਮਲ ਟੇਸਟਿੰਗ), ਹਾਨੀਕਾਰਕ ਰਸਾਇਣ ਮੁਕਤ (ਨੋ ਸੋਪ, ਐਸਐਲਐਸ, ਪੈਰਾਬੇਨ), ਡਰਮੇਟੋਲਾਜੀਕਲੀ ਟੇਸਟੇਡ ਅਤੇ ਸ਼ੁੱਧ ਸ਼ਾਕਾਹਰੀ ਹਨ ਜਿਸ ਨਾਲ ਸੰਰਕਸ਼ਕਾਂ ਨੂੰ ਆਯੁਰਵੇਦ ਦੀ ਸੱਚੀ ਸ਼ਕਤੀ ਦਾ ਅਨੁਭਵ ਕਰਨ ਵਿਚ ਮਦਦ ਮਿਲਦੀ ਹੈ ਅਤੇ 6 ਜੜੀ ਬੂਟੀਆਂ ਦੀ ਸ਼ਕਤੀ ਨੂੰ ਉਜਾਗਰ ਕਰਦੀ ਹੈ।ਚੋਲਾਯਿਲ ਪ੍ਰਾਈਵੇਟ ਲਿਮਿਟਡ ਦੇ ਵਾਈਸ ਪ੍ਰੈਜੀਡੈਂਟ ਸੇਲਸ ਐਂਡ ਮਾਰਕੀਟਿੰਗ ਸ਼੍ਰੀ ਆਸ਼ੀਸ਼ ਓਹਲਯਾਨ ਨੇ ਕਿਹਾ, 'ਮੌਜੂਦਾ ਹਾਲਾਤਾਂ ਵਿਚ ਅੱਜ ਦੇ ਨੌਜਵਾਨਾਂ ਦੇ ਲਈ ਚਿਹਰੇ ਦੀ ਦੇਖਭਾਲ ਹੋਰ ਵੀ ਮਹੱਤਵਪੂਰਣ ਹੋ ਗਈ ਹੈ। ਦੋ ਚੀਜਾਂ ਜਿਹੜੀਆਂ ਉਹ ਹਮੇਸ਼ਾ ਕਿਸੇ ਉਤਪਾਦ ਵਿਚ ਦੇਖਦੇ ਹਨ ਉਹ ਇਹ ਹਨ ਕਿ ਇਹ ਬਹੁਤ ਜਿਆਦ ਸਕਿਨ ਦੇ ਅਨੁਕੂਲ ਹੋਣਾ ਚਾਹੀਦਾ ਹੈ ਅਤੇ ਉਨ ਾਂ ਨੂੰ ਤੇਜੀ ਨਾਲ ਨਤੀਜੇ ਦੇਣੇ ਚਾਹੀਦੇ ਹਨ ਤਾਂ ਕਿ ਉਹ ਆਪਣੇ ਜੀਵਨ ਵਿਚ ਅੱਗੇ ਵਧ ਸਕਣ। ਫੇਸ ਵਾਸ਼ ਦੀ ਸਾਡੀ ਨਵੀਂ ਅਤੇ ਬਿਹਤਰ ਰੇਂਜ ਨੂੰ ਇਨ ਾਂ ਦੋ ਗੱਲਾਂ ਨੂੰ ਧਿਆਨ ਵਿਚ ਰੱਖਦੇ ਹੋਏ ਤਿਆਰ ਕੀਤਾ ਗਿਆ ਹੈ ਜਿਸ ਵਿਚ ਫੇਸ ਕੇਅਰ ਰੇਂਜ ਦੇ ਹਰੇਕ ਉਤਪਾਦ ਵਿਚ ਸਮਰਿੱਧ ਆਯੁਰਵੇਦਿਕ ਜੜੀ ਬੂਟੀਆਂ ਦੀ ਸ਼ਕਤੀ ਅਤੇ ਸਕਿਨ ਦੇ ਅਨੁਕੂਲ ਵਰਤੋਂ ਹੈ। ਅਸੀਂ ਹਰ ਪੇਸ਼ਕਸ਼ ਵਿਚ ਬਹੁਤ ਜਿਆਦਾ ਪ੍ਰਭਾਵੀ ਸਕਿਨ ਲਾਭ ਪ੍ਰਦਾਨ ਕਰਦੇ ਹਾਂ ਜਿਵੇਂ ਕਿ ਪਿੰਪਲ ਕਲੀਯਰੈਂਸ, ਆਯਲ ਕਲੀਯਰੈਂਸ, ਟੈਨ ਰਿਮੂਵਲ ਆਦਿ। ਪ੍ਰਮੁੱਖ ਪੇਸ਼ਕਸ਼ ਐਂਟੀ ਪਿੰਪਲ ਫੇਸ ਵਾਸ਼ ਉਪਭੋਗਤਾ ਰਿਸਰਚ ਵੱਲੋਂ ਸਿਰਫ ਤਿੰਨ ਦਿਨਾਂ ਵਿਚ ਪਿੰਪਲਸ ਨੂੰ ਘੱਟ ਕਰਨ ਦੇ ਲਈ ਸਿੱਧ ਕੀਤਾ ਗਿਆ ਹੈ। ਇਸ ਨਾਲ ਪਤਾ ਲੱਗਦਾ ਹੈ ਕਿ ਸਾਡੇ ਉਤਪਾਦ ਬਹੁਤ ਜਿਆਦਾ ਪ੍ਰਭਾਵਸ਼ਾਲੀ ਹਨ ਅਤੇ ਸਾਡੇ ਫਾਸਟ ਐਕਟਿੰਗ ਆਯੁਰਵੇਦ ਦੇ ਨਾਲ ਸਕਿਨ ਫਿੱਟ ਪ੍ਰਾਪਤ ਕਰਨ ਦੇ ਲਈ ਉਪਭੋਗਤਾਵਾਂ ਨੂੰ ਬਹੁਤ ਲਾਭ ਹੋਵੇਗਾ।'ਚੋਲਾਯਿਲ ਪ੍ਰਾਈਵੇਟ ਲਿਮਿਟਡ ਦੇ ਪ੍ਰੈਜੀਡੈਂਟ ਅਤੇ ਪ੍ਰਬੰਧ ਨਿਰਦੇਸ਼ਕ ਸ੍ਰੀ ਪ੍ਰਦੀਪ ਚੋਲਯਿਲ ਨੇ ਕਿਹਾ, 'ਇੱਕ ਬ੍ਰਾਂਡ ਦੇ ਰੂਪ ਵਿਚ ਮੈਡੀਮਿਕਸ ਨੇ ਹਮੇਸ਼ਾ ਸਿਹਤਮੰਦ ਸਕਿਨ ਦੇ ਲਈ ਟਾਪ ਕੁਦਰਤੀ ਵਿਕਲਪ ਦੀ ਪੇਸ਼ਕਸ਼ ਕਰਨ ਦੇ ਲਈ ਸਾਡੇ ਉਪਭੋਗਤਾਵਾਂ ਦੀਆਂ ਉਭਰਦੀਆਂ ਜਰੂਰਤਾਂ ਨੂੰ ਸਮਝਣ ਦੀ ਕੋਸ਼ਿਸ਼ ਕੀਤੀ ਹੈ। 50 ਨਾਲੋਂ ਜਿਆਦਾ ਸਾਲਾਂ ਤੋਂ ਅਸੀਂ ਹਰ ਦਿਨ ਆਪਣੇ ਉਪਭੋਗਤਾਵਾਂ ਨੂੰ ਬਿਹਤਰ ਸਮਾਧਾਨ ਪ੍ਰਦਾਨ ਕਰਨ ਦੇ ਲਈ ਖੁਦ ਨੂੰ ਲਗਾਤਾਰ ਵਿਕਸਿਤ ਕਰ ਰਹੇ ਹਾਂ ਜਿਹੜੇ ਨਾ ਸਿਰਫ ਸਕਿਨ ਦੇ ਲਈ ਸੁਰੱਖਿਅਤ ਹਨ ਸਗੋਂ ਇੱਕ ਨਿਰਧਾਰਿਤ ਸਮਾਂ ਸਮੀਂ ਦੇ ਅੰਦਰ ਮਨਚਾਹੇ ਨਤੀਜੇ ਵੀ ਪ੍ਰਦਾਨ ਕਰਦੇ ਹਨ। ਸਾਡੀ ਨਵੀਂ ਫੇਸ ਕੇਅਰ ਰੇਂਜ ਵਿਚ ਅੱਜ ਦੇ ਸਮਝਦਾਰ ਉਪਭੋਗਤਾਵਾਂ ਦੇ ਲਈ ਕਈ ਪੇਸ਼ਕਸ਼ਾਂ ਹਨ ਜਿਹੜੀਆਂ ਉਨ ਾਂ ਦੀ ਤੇਜ ਤਰਾਰ ਜੀਵਨਸ਼ੈਲੀ ਵਿੱਚ ਫਿੱਟ ਹੋਣਗੀਆਂ। ਮੈਡੀਮਿਕਸ 'ਸਕਿਨ ਕੇਅਰ, ਦਿ ਨੇਚੁਰਲ ਵੇ' ਦਾ ਨਾਂਅ ਬਣ ਗਿਆ ਹੈ।

# ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿੱਚ ਖੁੱਲ ਕੇ ਬੋਲੇ ਯੂਥ ਪ੍ਰਧਾਨ

- ਗੰਨੇ ਦੇ ਭਾਅ ਵਧਾਉਣ ਦਾ ਕੀਤਾ ਸਵਾਗਤ
- ਮੁੜ 2022 ਵਿੱਚ ਕੈਪਟਨ ਦੀ ਅਗਵਾਈ ਹੇਠ ਬਣੇਗੀ ਕਾਂਗਰਸ ਸਰਕਾਰ-ਪ੍ਰਧਾਨ ਸਾਜਨ ਕਾਂਗੜਾ



**ਸੰਗਰੂਰ/ਵਰਮਾ**

ਪਿਛਲੇ ਦਿਨੀਂ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ ਕਿਸਾਨਾਂ ਦੀ ਮੰਗ ਅਨੁਸਾਰ ਗੰਨੇ ਦਾ ਪੂਰਾ ਭਾਅ ਵਧਾ ਕੇ ਕਿਸਾਨ ਹਿਤੈਸ਼ੀ ਹੋਣ ਦਾ ਸਬੂਤ ਦਿੱਤਾ ਹੈ। ਜੋ ਕਿ ਕਾਬਿਲੇ ਤਾਰੀਫ਼ ਹੈ ਅਤੇ ਇਸ ਦਾ ਉਹ ਜੋਰਦਾਰ ਸਵਾਗਤ ਕਰਦੇ ਹਨ। ਇਹ ਵਿਚਾਰ ਵਿਧਾਨ ਸਭਾ ਯੂਥ ਕਾਂਗਰਸ ਸੰਗਰੂਰ ਦੇ ਪ੍ਰਧਾਨ ਸਾਜਨ ਕਾਂਗੜਾ ਨੇ ਪ੍ਰਗਟ ਕੀਤੇ। ਉਹ ਆਪਣੀ ਰਿਹਾਇਸ਼ ਵਿਖੇ ਪੱਤਰਕਾਰਾਂ ਨਾਲ ਗੱਲਬਾਤ ਕਰ ਰਹੇ ਸਨ। ਇਸ ਮੌਕੇ ਸਾਜਨ ਕਾਂਗੜਾ ਖੁੱਲ ਕੇ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿੱਚ ਬੋਲੇ। ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਨੇ ਹੋਰ ਸੂਬਿਆਂ ਨਾਲੋਂ ਵੱਧ ਗੰਨੇ ਦਾ ਭਾਅ ਵਧਾ ਕੇ ਕਿਸਾਨਾਂ ਦਾ ਦਿਲ ਜਿੱਤ ਲਿਆ ਹੈ। ਸਿਰਫ਼ ਗੰਨੇ ਦਾ ਭਾਅ ਹੀ ਨਹੀਂ, ਬਲਕਿ ਕੈਪਟਨ ਸਾਹਿਬ ਨੇ ਵੱਖ-ਵੱਖ ਪੜਾਵਾਂ ਵਿੱਚ ਕਿਸਾਨਾਂ ਦਾ ਕਰਜਾ ਮੁਆਫ ਕਰਕੇ ਅਤੇ ਹੋਰ ਕਈ ਢੰਗਾਂ ਨਾਲ਼ ਕਿਸਾਨਾਂ ਨੂੰ ਰਾਹਤ ਦੇ ਕੇ ਸ਼ਲਾਘਾਯੋਗ ਕੰਮ ਕੀਤਾ ਹੈ। ਜਿਸ ਦੀ ਹਰ ਪਾਸੇ ਸ਼ਲਾਘਾ ਕੀਤੀ ਜਾ ਰਹੀ ਹੈ। ਸਾਜਨ ਕਾਂਗੜਾ ਨੇ ਕਿਹਾ ਕਿ ਕੈਪਟਨ ਸਰਕਾਰ ਵੱਲੋਂ ਕਿਸਾਨ ਅਤੇ ਹੋਰ ਵਰਗਾਂ ਦੇ ਹਿੱਤ ਵਿੱਚ ਲਏ ਗਏ ਫੈਸਲਿਆਂ ਨਾਲ਼ ਕੈਪਟਨ ਅਮਰਿੰਦਰ ਸਿੰਘ ਨੇ ਸਮੂਹ ਪੰਜਾਬੀਆਂ ਦੇ ਦਿਲਾਂ ਵਿੱਚ ਵੱਖਰੀ ਜਗ੍ਹਾਂ ਬਣਾ ਲਈ ਹੈ। ਜਿਸ ਸਦਕਾ ਪੰਜਾਬ ਦੇ ਲੋਕ 2022 ਵਿੱਚ ਵੀ ਕੈਪਟਨ ਅਮਰਿੰਦਰ ਸਿੰਘ ਦੇ ਹੱਕ ਵਿੱਚ ਹੀ ਫਤਵਾ ਦੇਣਗੇ। ਸਾਜਨ ਕਾਂਗੜਾ ਨੇ ਸੂਬਾ ਸਰਕਾਰ ਅਤੇ ਕਾਂਗਰਸ ਪਾਰਟੀ ਅੰਦਰ ਛਿੜੇ ਵੱਡੇ ਵਿਵਾਦ ਸਬੰਧੀ ਪੁੱਛੇ ਸਵਾਲਾਂ ਦਾ ਜਵਾਬ ਦਿੰਦਿਆਂ ਕਿਹਾ ਕਿ ਉਹ ਇਸ ਤੇ ਕੋਈ ਟਿੱਪਣੀ ਨਹੀਂ ਕਰਨਗੇ। ਕਿਉਂ ਕਿ ਉਨ੍ਹਾਂ ਵੱਲੋਂ ਇਸ ਵਿਸ਼ੇ ਤੇ ਬੋਲਣਾ ਛੋਟਾ ਮੂੰਹ ਵੱਡੀ ਗੱਲ ਹੋ ਜਾਵੇਗੀ। ਪਰ ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸਿਰਫ ਕੈਪਟਨ ਅਮਰਿੰਦਰ ਸਿੰਘ ਹੀ ਯੋਗ ਹਨ। ਹਾਈਕਮਾਂਡ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ 2022 ਦੀਆਂ ਵਿਧਾਨ ਸਭਾ ਚੋਣਾਂ ਲੜਨ ਦੇ ਫੈਸਲੇ ਦਾ ਉਹ ਸਵਾਗਤ ਕਰਦੇ ਹਨ। ਉਨ੍ਹਾਂ ਦਾਅਵਾ ਕੀਤਾ ਕਿ 2022 ਵਿੱਚ ਵੀ ਕਾਂਗਰਸ ਪਾਰਟੀ ਮੁੜ ਸੱਤਾ ਵਿੱਚ ਆਏਗੀ। ਯੂਥ ਕਾਂਗਰਸ ਪ੍ਰਧਾਨ ਨੇ ਕੈਪਟਨ ਸਰਕਾਰ ਦੇ ਸਮੂਹ ਮੰਤਰੀਆਂ, ਵਿਧਾਇਕਾਂ ਅਤੇ ਕਾਂਗਰਸੀ ਆਗੂਆਂ ਨੂੰ ਅਪੀਲ ਕੀਤੀ ਕਿ ਉਹ ਡਟ ਕੇ ਕੈਪਟਨ ਅਮਰਿੰਦਰ ਸਿੰਘ ਦਾ ਸਾਥ ਦੇਣ। ਇਹ ਸਮਾਂ ਆਪਸ ਵਿੱਚ ਲੜਣ ਦਾ ਨਹੀਂ ਬਲਕਿ ਇਕਜੁੱਟ ਹੋਣ ਦਾ ਹੈ। ਇਸ ਮੌਕੇ ਉਨ੍ਹਾਂ ਨਾਲ ਹੋਰ ਯੂਥ ਆਗੂ ਵੀ ਹਾਜ਼ਰ ਸਨ।

# ਐੱਸਐੱਸਪੀ ਸੰਗਰੂਰ ਨਾਲ ਪੂਨੀਆ ਨੇ ਕੀਤੀ ਮੁਲਾਕਾਤ

- ਜ਼ਿਲ੍ਹੇ ਵਿੱਚ ਦਰਪੇਸ਼ ਆ ਰਹੀਆਂ ਕਾਨੂੰਨੀ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ

**ਸੰਗਰੂਰ/ਵਰਮਾ**

ਭਾਜਪਾ ਦੇ ਸੀਨੀਅਰ ਆਗੂ ਅਮਨਦੀਪ ਸਿੰਘ ਪੂਨੀਆ ਦੀ ਅਗਵਾਈ ਵਿੱਚ ਹੋਰਨਾਂ ਆਗੂਆਂ ਨੇ ਐਸਐਸਪੀ ਸੰਗਰੂਰ ਸਵਪਨ ਸ਼ਰਮਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਾਜਪਾ ਆਗੂ ਅਮਨਦੀਪ ਪੂਨੀਆ ਨਾਲ ਵਿਨੋਦ ਕੁਮਾਰ ਸਾਬਕਾ ਵਾਈਸ ਪ੍ਰਧਾਨ ਮਿਊਂਸੀਪਲ ਕਮੇਟੀ ਸੰਗਰੂਰ, ਪਵਨ ਗਰਗ ਜਲਿਾ ਵਾਈਸ ਪ੍ਰਧਾਨ ਭਾਜਪਾ ਅਤੇ ਵਿਵੇਕ ਕਾਂਸਲ ਭਵਾਨੀਗੜ੍ਹ ਨੇ ਐੱਸਐੱਸਪੀ ਸੰਗਰੂਰ ਸਵਪਨ ਸ਼ਰਮਾ ਨੂੰ ਬੁੱਕੇ ਭੇਟ ਕਰ ਕੇ ਉਨ੍ਹਾਂ ਦਾ ਸਨਮਾਨ ਕੀਤਾ। ਇਸ ਮੌਕੇ ਅਮਨ ਪੂਨੀਆ ਨੇ ਐੱਸਐੱਸਪੀ ਸੰਗਰੂਰ ਨੂੰ ਜਿਲ੍ਹੇ ਵਿੱਚ ਦਰਪੇਸ਼ ਆ ਰਹੀਆਂ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੱਤੀ ਅਤੇ ਉਨ੍ਹਾਂ ਨਾਲ ਜਿਲ੍ਹੇ ਦੀਆਂ ਵੱਖ-ਵੱਖ ਕਾਨੂੰਨੀ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਜਦੋਂ ਕਿ ਐਸਐਸਪੀ ਸੰਗਰੂਰ ਸਵਪਨ ਸ਼ਰਮਾ ਨੇ ਪੂਨੀਆ ਨੂੰ ਭਰੋਸਾ ਦਿਵਾਇਆ ਕਿ ਜਿਲ੍ਹਾ ਵਾਸੀਆਂ ਦੇ ਸਹਿਯੋਗ ਨਾਲ ਉਹ ਜਲਦੀ ਹੀ ਸਾਰੀਆਂ ਕਾਨੂੰਨੀ ਸਮੱਸਿਆਵਾਂ ਦਾ ਹੱਲ ਕਰਨਗੇ ਅਤੇ ਕ੍ਰਾਈਮ ਨੂੰ ਨੱਥ ਪਾਉਣਗੇ। ਉਨ੍ਹਾਂ ਕਿਹਾ ਕਿ ਬਹੁਤ ਜਲਦੀ ਹੀ ਜ਼ਿਲ੍ਹਾ ਪੁਲੀਸ ਨੂੰ ਚੁਸਤ- ਦਰੁਸਤ ਕਰਕੇ ਸੰਗਰੂਰ ਜ਼ਿਲ੍ਹੇ ਨੂੰ ਕ੍ਰਪੁਲੀਸ ਨੂੰ ਚੁਸਤ ਦਰੁਸਤ ਕਰਕੇ ਸੰਗਰੂਰ ਜ਼ਿਲ੍ਹੇ ਨੂੰ ਕਰਾਈਮ ਮੁਕਤ ਕ੍ਰਾਈਮ ਮੁਕਤ ਬਣਾਇਆ ਜਾਵੇਗਾ।



ਅਦਾਰਾ 'ਲੋਕ ਬਾਣੀ' ਵਿੱਚ ਛਾਪੀਆਂ ਜਾਂਦੀਆਂ ਖ਼ਬਰਾਂ, ਰਿਪੋਰਟਾਂ, ਲੇਖ, ਕਹਾਣੀਆਂ, ਕਵਿਤਾਵਾਂ ਅਤੇ ਹਰ ਕਿਸਮ ਦੇ ਇਸ਼ਤਿਹਾਰਾਂ ਵਿੱਚ ਦਿੱਤੀ ਗਈ ਸੂਚਨਾ, ਵਿਚਾਰ ਆਦਿ ਨਾਲ ਅਖ਼ਬਾਰ ਦੇ ਪ੍ਰਬੰਧਕਾਂ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਇਸ ਅਖ਼ਬਾਰ ਵਿੱਚ ਛਪੇ ਇਸ਼ਤਿਹਾਰ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਲਈ ਪ੍ਰਬੰਧਕ ਕੋਈ ਜ਼ਿੰਮੇਵਾਰੀ ਨਹੀਂ ਲੈਂਦੇ ਕਿਉਂਕਿ ਸਾਡਾ ਅਖ਼ਬਾਰ ਇਨ੍ਹਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ/ਸ਼ੁੱਭ ਚਿੰਤਕਾਂ ਨੂੰ ਬੇਨਤੀ ਹੈ ਕਿ ਉਹ ਇਨ੍ਹਾਂ ਇਸ਼ਤਿਹਾਰਾਂ 'ਤੇ ਕੋਈ ਕਾਰਵਾਈ ਕਰਨ ਤੋਂ ਪਹਿਲਾਂ ਤੱਥਾਂ ਦੀ ਪੜਤਾਲ/ਪੁਸ਼ਟੀ ਕਰ ਲੈਣ। -ਸੰਪਾਦਕ

Daily Lok Bani (Punjabi) R.N.I. Punpun 29016/2008 Edior, Owner, Printer, Publisher, Amandeep Mehra Printed at Rachna Printers, Railway Road Jalandhar Place of Publication : 308 Sangam complex Milap Chowk, Jalandhar (India) / Contect No. : 0181-2211009, Fax : 2211009 / Email Id : lokbani08@gmail.com / Webside : lokbani.com

# ਜਿਲ੍ਹਾ ਸੰਗਰੂਰ ਕਮਿਸ਼ਟ ਐਸੋਸੀਏਸ਼ਨ ਦੇ ਵਫਦ ਨੇ ਐੱਸ ਐੱਸ ਪੀ ਨਾਲ ਕੀਤੀ ਮੁਲਾਕਾਤ

**ਸੁਨਾਮ/ਵਰਮਾ**

ਜਿਲ੍ਹਾ ਸੰਗਰੂਰ ਕਮਿਸ਼ਟ ਐਸੋਸੀਏਸ਼ਨ ਦਾ ਵਫਦ ਜਿਲ੍ਹਾ ਪ੍ਰਧਾਨ ਨਰੇਸ਼ ਜਿੰਦਲ ਅਤੇ ਸੈਕਟਰੀ ਰਾਜੀਵ ਜੈਨ ਦੀ ਅਗਵਾਈ ਵਿੱਚ ਜਿਲ੍ਹੇ ਅੰਦਰ ਨਵੇਂ ਆਏ ਜਿਲ੍ਹਾ ਪੁਲਿਸ ਮੁਖੀ ਸ਼੍ਰੀ ਸਵੱਪਣ ਸ਼ਰਮਾ ਨੂੰ ਮਿਲਿਆ ਅਤੇ ਉਹਨਾਂ ਨੂੰ ਬੁੱਕੇ ਭੇਂਟ ਕਰਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਤੇ ਨਰੇਸ਼ ਜਿੰਦਲ ਨੇ ਦੱਸਿਆ ਕਿ ਜਿਲ੍ਹਾ ਕੈਮੀਸ਼ਟ ਐਸੋਸ਼ੀਏਸ਼ਨ ਵੱਲੋਂ ਹਮੇਸ਼ਾ ਸਮਾਜ ਭਲਾਈ ਕੰਮਾਂ ਵਿੱਚ ਵੱਧ-ਚੜ੍ਹ ਕੇ ਹਿੱਸਾ ਲਿਆ ਜਾਂਦਾ ਹੈ। ਉਹਨਾਂ ਦੱਸਿਆ ਕਿ ਕੋਵਿਡ-19 ਦੀ ਮਹਾਂਮਾਰੀ ਦੌਰਾਨ ਐਸ਼ੋਸੀਏਸ਼ਨ ਵੱਲੋਂ ਮਰੀਜਾਂ ਨੂੰ ਦਵਾਈਆ ਦੀਆਂ ਕੋਈ ਦਿੱਕਤ ਨਹੀਂ ਆਉਣ ਦਿੱਤੀ ਗਈ ਅਤੇ ਜਰੂਰਤਮੰਦ ਮਰੀਜਾਂ ਨੂੰ ਦਵਾਈਆਂ ਮੁਫਤ ਮਹੱਈਆ ਕਰਵਾਈਆਂ ਗਈਆਂ। ਉਹਨਾਂ ਅੱਗੇ ਦੱਸਿਆ ਕਿ ਕੈਮੀਸਟਾਂ ਨੂੰ ਜਾਗਰੂਕ ਕਰਨ ਲਈ ਐਸ਼ੋਸੀਏਸ਼ਨ ਵੱਲੋਂ ਡਰੱਗ ਅਵੈਰਨੈੱਸ ਸੈਮੀਨਾਰ ਹਰ ਸਾਲ ਲਗਾਏ ਜਾਂਦੇ ਹਨ। ਤਾਂ ਕਿ ਕੋਈ ਵੀ ਕਮਿਸ਼ਟ ਹੈਬਿਟ ਫਾਰਮਿੰਗ ਡਰੱਗ, ਐੱਨ.ਆਰ.ਐਕਸ ਦਵਾਈਆਂ ਦਾ ਦੁਰਉਪਯੋਗ ਨਾ ਕਰ ਸਕੇ। ਐੱਸ.ਐੱਸ.ਪੀ. ਸ਼੍ਰੀ ਸਵੱਪਣ ਸ਼ਰਮਾ ਨੇ ਐਸ਼ੋਸੀਏਸਨ ਵੱਲੋਂ ਕੀਤੇ ਜਾ ਰਹੇ ਕੰਮਾਂ ਦੀ ਸਲਾਂਘਾ ਕੀਤੀ ਅਤੇ ਪ੍ਰਸ਼ਾਸਨ ਵੱਲੋਂ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ ਦੀਪਕ ਖੌਸਲਾ, ਅਜੈਬ ਸਿੰਘ ਸੈਣੀ ਆਦਿ ਕਮਿਸ਼ਟ ਆਗੂ ਹਾਜਰ ਸਨ।



# ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਪਟਿਆਲੇ ਦੇ ਟੋਲ ਪਲਾਜਿਆਂ ਤੇ ਸ਼ਿਕੰਜਾ ਕਸਿਆ

**ਪਟਿਆਲਾ/ਜਗਦੀਸ ਰਾਈਕਾ**

ਸੰਯੁਕਤ ਕਿਸਾਨ ਮੋਰਚਾ (ਦਿੱਲੀ) ਵਿੱਚ ਸ਼ਾਮਿਲ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਅੱਜ ਧਰੇੜੀ ਟੋਲ ਪਲਾਜੇ ਉੱਤੇ ਵੱਡਾ ਇੱਕਠ ਕਰਕੇ ਬੀਜੇਪੀ ਸਰਕਾਰ ਵਿਰੁੱਧ ਨਾਅਰੇਬਾਜੀ ਕੀਤੀ ਗਈ। ਕਿਸਾਨਾਂ ਆਗੂਆਂ ਨੇ ਲਾਗਲੇ ਪਿੰਡਾਂ ਤੋਂ ਆਏ ਕਿਸਾਨਾਂ ਨੂੰ ਦਿੱਲੀ ਵਿੱਚ ਚਲ ਰਹੇ ਮੋਰਚੇ ਵਿੱਚ ਸ਼ਾਮਿਲ ਵਿੱਚ ਹੋਣ ਦੀ ਕੀਤੀ ਅਪੀਲ ਦੇ ਨਾਲ ਹੀ ਆਉਣ ਵਾਲੀ 5 ਸਤੰਬਰ ਨੂੰ ਮੁਜੱਫਰ ਨਗਰ ਵਿੱਚ ਸੰਯੁਕਤ ਕਿਸਾਨ ਮੋਰਚੇ ਵੱਲੋਂ ਕੀਤੀ ਜਾ ਰਹੀ ਮਹਾਂ ਰੈਲੀ ਵਿੱਚ ਸ਼ਾਮਿਲ ਹੋਣ ਲਈ ਤਿਆਰੀਆਂ ਆਰੰਭਣ ਲਈ ਅਪੀਲ ਵੀ ਕੀਤੀ। ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜਿਲ੍ਹਾ ਸਕੱਤਰ ਗੁਰਮੀਤ ਸਿੰਘ ਦਿੱਤੂਪੁਰ ਨੇ ਵੱਡੀ ਗਿਣਤੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਇਸ ਮਹਾਂ ਰੈਲੀ ਵਿੱਚ ਇਕੱਲੇ ਪਟਿਆਲਾ ਜਿਲ੍ਹੇ ਤੋਂ ਲਗਭੱਗ 4 ਹਜਾਰ ਮਰਦ ਅਤੇ ਕਿਸਾਨ ਔਰਤਾਂ 5 ਤਾਰੀਖ ਨੂੰ ਮੁਜੱਫਰ ਨਗਰ ਵਿਖੇ ਪਹੁੰਚਣਗੇ। ਉਨ੍ਹਾਂ ਕਿਹਾ ਕਿ ਕਿਸਾਨਾਂ ਖਿਲਾਫ ਕਾਲੇ ਕਾਨੂੰਨ ਬਣਾਉਣ ਵਾਲੀ ਬੀਜੇਪੀ ਸਰਕਾਰ ਦਾ ਵਿਰੋਧ ਜਾਰੀ ਰਹੇਗਾ। ਉਨ੍ਹਾਂ ਯੂ.ਪੀ. ਵਿੱਚ ਵੀ ਇਨ੍ਹਾਂ ਦਾ ਵਿਰੋਧ ਕੀਤਾ ਜਾਵੇਗਾ ਅਤੇ ਉਸੇ ਦਿਨ ਤੋਂ ਯੂ.ਪੀ. ਦੀਆਂ ਸੜਕਾਂ ਤੇ ਲੱਗੇ ਟੋਲ ਪਲਾਜੇ ਫਰੀ ਕਰ ਦਿੱਤੇ ਜਾਣਗੇ ਅਤੇ ਨਾਲ ਅਡਾਨੀਆਂ, ਅੰਬਾਨੀਆਂ ਦੇ ਮਾਲ ਅਤੇ ਪੈਟਰੋਲ ਪੰਪ ਵੀ ਬੰਦ ਕੀਤੇ ਜਾਣਗੇ। ਨਾਲ ਹੀ ਯੂ.ਪੀ. ਬੀਜੇਪੀ ਸਰਕਾਰ ਨੂੰ ਹਰਾਉਣ ਦਾ ਸੱਦਾ ਦਿੱਤਾ ਜਾਵੇਗਾ। ਉਨ੍ਹਾਂ ਇਹ ਵੀ ਜਾਣਕਾਰੀ ਦਿੱਤੀ ਕਿ ਐਸ.ਕੇ.ਐਮ. ਦੇ ਸੱਦੇ ਤੇ ਯੂ.ਪੀ. ਦੀਆਂ ਵਿਰੋਧੀ ਪਾਰਟੀਆਂ ਬੀਜੇਪੀ ਸਰਕਾਰ ਨੂੰ ਹਰਾਉਣ ਲਈ ਇੱਕਜੁੱਟ ਹੋ ਰਹੀਆਂ ਹਨ ਅਤੇ ਸਾਂਝਾ ਫਰੰਟ ਵੀ ਬਣਨ ਦੇ ਅਸਾਰ ਬਣਦੇ ਜਾ ਰਹੇ ਹਨ। ਅੱਜ ਦੇ ਇਕੱਠ ਵਿੱਚ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਲਾਗਲੇ ਪਿੰਡ ਦੌਣ, ਆਕੜ, ਸਿਉਣਾ ਅਤੇ ਹੋਰ ਪਿੰਡਾਂ ਤੋਂ ਵੱਡੀ ਗਿਣਤੀ ਵਿੱਚ ਬੀਬੀਆਂ ਟੋਲ ਪਲਾਜੇ ਤੇ ਇਕੱਠੀਆਂ ਹੋਈਆਂ ਅਤੇ ਬੀਜੇਪੀ ਸਰਕਾਰ ਖਿਲਾਫ ਨਾਅਰੇਬਾਜੀ ਕੀਤੀ ਗਈ। ਉਨ੍ਹਾਂ ਵਿਚੋਂ ਬੀਬੀ ਹਰਦੇਵ ਕੌਰ, ਰਾਜਿੰਦਰ ਕੌਰ, ਜਸਵਿੰਦਰ ਕੌਰ, ਗੁਰਮੇਲ ਕੌਰ, ਬਲਵਿੰਦਰ ਕੌਰ ਸਿਉਣਾ ਤੋਂ ਇਲਾਵਾ ਕਿਸਾਨ ਆਗੂ ਧੰਨਾ ਸਿੰਘ, ਅਵਤਾਰ ਸਿੰਘ ਕੌਰਜੀਵਾਲਾ, ਦਾਰਾ ਸਿੰਘ ਪਹਾੜਪੁਰ, ਸ਼ੇਰ ਸਿੰਘ ਸਿੱਧੂਵਾਲ ਅਤੇ ਅਵਤਾਰ ਸਿੰਘ ਚਲੈਲਾ ਨੇ ਵੀ ਕਿਸਾਨਾਂ ਨੂੰ ਸੰਬੋਧਨ ਕੀਤਾ। ਬੁਲਾਰਿਆਂ ਨੇ ਜਾਣਕਾਰੀ ਦਿੱਤੀ ਕਿ ਪਟਿਆਲੇ ਦੇ ਲਾਗਲੇ ਟੋਲ ਪਲਾਜਿਆਂ ਕਲਿਆਣ, ਚੁਬਕੀ ਅਤੇ ਖਨੌਰੀ ਤੇ ਵੀ ਇਸੇ ਤਰ੍ਹਾਂ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਵੱਡੇ ਇਕੱਠ ਕੀਤੇ ਜਾ ਰਹੇ ਹਨ। ਇਸੇ ਤਰ੍ਹਾਂ ਦਿੱਲੀ ਵਿਖੇ ਪਿੰਡਾਂ ਵਿਚੋਂ ਟਰਾਲੀਆਂ ਤੇ ਕਣਕ, ਦਾਲਾਂ, ਚੌਲ ਲੈ ਕੇ ਕਿਸਾਨ ਵੱਡੀ ਗਿਣਤੀ ਵਿੱਚ ਚਲ ਰਹੇ ਮੋਰਚੇ ਵਿੱਚ ਪਹੁੰਚ ਰਹੇ ਹਨ।



## ■ ਹਰ ਦਸਵੇਂ ਦਿਨ ਹਰ ਟੋਲ ਪਲਾਜੇ ਤੇ ਵੱਡੇ ਇਕੱਠ ਹੋਣਗੇ

# ਫੋਰਟਿਸ ਹਸਪਤਾਲ ਮੋਹਾਲੀ ਨੇ ਕੈਂਸਰ ਦੇ ਮਰੀਜ਼ ਨੂੰ ਨਵਾਂ ਜੀਵਨ ਦਿੱਤਾ

**ਸੰਗਰੂਰ/ਵਰਮਾ**

ਫੋਰਟਿਸ ਹਸਪਤਾਲ ਮੋਹਾਲੀ ਦੀ ਯੂਰੋਲੋਜੀ ਟੀਮ ਨੇ ਇਕ 61 ਸਾਲਾ ਮਰੀਜ਼ ਦੇ ਗਦੂਦਾਂ ਦਾ ਸਫਲ ਅਪਰੇਸ਼ਨ ਕਰ ਕੇ ਉਸ ਨੂੰ ਨਵਾਂ ਜੀਵਨ ਦਿੱਤਾ ਹੈ। ਇਹ ਅਪਰੇਸ਼ਨ ਯੂਰੋਲੋਜੀ ਅਤੇ ਰੋਬੋਟਿਕ ਸਰਜਰੀ ਵਿਭਾਗ ਦੇ ਕੰਸਲਟੈਂਟ ਡਾ. ਮਨੀਸ਼ ਆਹੂਜਾ ਦੀ ਅਗਵਾਈ ਵਾਲੀ ਟੀਮ ਚੌਥੀ ਜੈਨਰੇਸ਼ਨ ਦੀ ਆਧੁਨਿਕ ਰੋਬੋਟਿਕ ਮਸ਼ੀਨ ਦਾ ਵਿੰਚੀ ਦੀ ਮਦਦ ਨਾਲ ਕੀਤਾ ਗਿਆ।

ਡਾ. ਮਨੀਸ਼ ਚੌਹਾਨ ਨੇ ਦੱਸਿਆ ਕਿ ਮਰੀਜ਼ ਨੇ ਉਸ ਨੂੰ ਲਗਾਤਾਰ ਪਿਸ਼ਾਬ ਆਉਂਦੇ ਰਹਿਣ ਅਤੇ ਲੱਕ (ਕਮਰ ਦੇ ਹੇਠਲੇ ਹਿੱਸੇ) ਵਿਚ ਦਰਦ ਦੀ ਸ਼ਿਕਾਇਤ ਕੀਤੀ ਸੀ। ਜਾਂਚ ਕਰਨ ਤੇ ਪਤਾ ਲੱਗਾ ਕਿ ਮਰੀਜ਼ ਗਦੂਦਾਂ ਦੇ ਕੈਂਸਰ ਤੋਂ ਪੀੜਤ ਹੈ। ਗਦੂਦਾਂ ਵਿਚ ਵਿਕਸਿਤ ਹੋਈ ਕੈਂਸਰ ਦੀ ਰਸੌਲੀ ਬਾਹਰ ਕੱਢਣ ਲਈ ਡਾਕਟਰਾਂ ਦੀ ਟੀਮ ਨੇ ਆਧੁਨਿਕ ਮਸ਼ੀਨ ਦੀ ਵਰਤੋਂ ਕਰ ਕੇ ਮਰੀਜ਼ ਰਾਜੇਸ਼ ਕੁਮਾਰ ਕੁੱਛਲ ਦਾ ਅਪਰੇਸ਼ਨ ਕੀਤਾ। ਉਨਾਂ ਦੱਸਿਆ ਕਿ ਮਰੀਜ਼ ਨੂੰ 5 ਦਿਨਾਂ ਮਗਰੋਂ ਹਸਪਤਾਲ ਵਿੱਚੋਂ ਛੁੱਟੀ ਦੇ ਦਿੱਤੀ ਗਈ। ਡਾ. ਮਨੀਸ਼ ਆਹੂਜਾ ਨੇ ਦੱਸਿਆ ਕਿ ਉਪਰ ਦੇ ਲਿਹਾਜ ਨਾਲ ਹਾਰਮੋਨਜ ਦੀ ਤਬਦੀਲ ਕਾਰਨ ਮਰਦਾਂ ਦੇ ਗਦੂਦ ਵਧਣੇ ਸ਼ੁਰੂ ਹੋ ਜਾਂਦੇ ਹਨ। ਉਨਾਂ ਦੱਸਿਆ ਕਿ ਜੇਕਰ ਸਮੇਂ ਸਿਰ ਇਸ ਦਾ ਪ੍ਰੀਖਣ ਹੋ ਜਾਵੇ ਤਾਂ ਆਸਾਨੀ ਨਾਲ ਆਪਰੇਸ਼ਨ ਹੋ ਜਾਂਦਾ ਹੈ। ਡਾ. ਆਹੂਜਾ ਨੇ ਕਿਹਾ ਕਿ ਨਵੀਂ ਤਕਨੀਕ ਦੀ ਸਹਾਇਤਾ ਨਾਲ ਗੁੰਝਲਦਾਰ ਕੈਂਸਰ ਦਾ ਕਾਮਯਾਬੀ ਨਾਲ ਆਪਰੇਸ਼ਨ ਹੋ ਜਾਂਦਾ ਹੈ।




ਗਦੂਦਾਂ ਦੇ ਅਪਰੇਸ਼ਨ ਤੋਂ ਤੰਦਰੁਸਤ ਹੋਏ ਮਰੀਜ਼ ਰਾਜੇਸ਼ ਕੁਮਾਰ ਨੇ ਫੋਰਟਿਸ ਹਸਪਤਾਲ ਦੇ ਡਾਕਟਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਅਪਰੇਸ਼ਨ ਤੋਂ ਪਹਿਲਾਂ ਬਹੁਤ ਜ਼ਿਆਦਾ ਤਕਲੀਫ ਵਿਚ ਸੀ ਅਤੇ ਹੁਣ ਆਮ ਵਾਂਗ ਜੀਵਨ ਬਤੀਤ ਕਰ ਰਿਹਾ ਹੈ। ਉਨਾਂ ਕਿਹਾ ਕਿ ਉਸ ਨੂੰ ਅਪਰੇਸ਼ਨ ਕਰਾਉਣ ਸਮੇਂ ਕਿਸੇ ਮੁਸ਼ਕਲ ਦਾ ਸਾਹਮਣਾ ਨਹੀਂ ਕਰਨਾ ਪਿਆ। ਉਨਾਂ ਕਿਹਾ ਕਿ ਗਦੂਦਾਂ ਦਾ ਅਪਰੇਸ਼ਨ ਇਸ ਨਵੀਂ ਤਕਨੀਕ ਰੋਬੋਟਿਕ ਸਰਜਰੀ ਰਾਹੀਂ ਹੀ ਕਰਵਾਉਣਾ ਚਾਹੀਦਾ ਹੈ।

# ਹਾਸਰਸ ਕਲਾਕਾਰ ਦੀਪਕ ਤੀਲੀ ਦੇ ਗੀਤ, 'ਗੁਰਦੇ ਫੇਲ' ਦਾ ਵੀਡੀਓ ਰਿਲੀਜ਼

**ਚੰਡੀਗੜ੍ਹ/ਪ੍ਰੀਤਮ ਲੁਧਿਆਣਵੀ**

ਆਪਣੀ ਦਮਦਾਰ ਮਿਮਿਕਰੀ ਨਾਲ ਲੋਕਾਂ ਨੂੰ ਹਸਾ ਹਸਾ ਕੇ ਲੋਟ ਪੋਟ ਕਰਨ ਵਿੱਚ ਮਾਹਿਰ ਹਾਸਰਸ ਕਲਾਕਾਰ ਦੀਪਕ ਤੀਲੀ ਦਾ ਨਵਾਂ ਗੀਤ, 'ਗੁਰਦੇ ਫੇਲ' ਬੀਤੇ ਦਿਨ ਮਿਰਾਜ ਮੋਸ਼ਨ ਵਿੱਚ ਰਿਲੀਜ ਕੀਤਾ ਗਿਆ। ਗੀਤ ਦੇ ਰਿਲੀਜ਼ ਮੌਕੇ ਕਮੇਡੀਅਨ ਦੀਪਕ ਤੀਲੀ ਨੇ ਪ੍ਰੈੱਸ ਨੂੰ ਆਪਣੀ ਮਿਮਿਕਰੀ ਨਾਲ ਖੂਬ ਹਸਾਇਆ ਤੇ ਆਪਣੇ ਗੀਤ ਬਾਰੇ ਦੱਸਦਿਆਂ ਕਿਹਾ ਕਿ ਇਹ ਗੀਤ ਉਨ ਾਂ ਨੇ ਆਪਣੇ ਸਾਥੀ ਕਲਾਕਾਰ ਸਾਹਿਲ ਬੱਲੂ ਦੇ ਨਾਲ ਮਿਲ ਕੇ ਗਾਇਆ ਹੈ। ਇਹ ਗੀਤ ਟੀ ਐਮ ਸੀ ਸਟੂਡੀਓ ਦੇ ਸੰਗੀਤ 'ਚ ਸਜਾਇਆ ਗਿਆ ਹੈ। ਗੀਤ ਨੂੰ ਲਿਖਿਆ ਹੈ ਬੱਬੂ ਬੰਗੜ ਨੇ। ਇਸ ਗੀਤ ਦਾ ਆਡੀਓ ਮਿਰਾਜ ਮੋਸ਼ਨ ਵਲੋਂ ਪਹਿਲਾਂ ਹੀ ਰਿਲੀਜ ਕੀਤਾ ਜਾ ਚੁੱਕਾ ਹੈ ਜੋ ਸਰੋਤਿਆਂ ਨੂੰ ਬਹੁਤ ਪਸੰਦ ਆ ਰਿਹਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੀਪਕ ਤੀਲੀ ਨੇ ਦੱਸਿਆ ਕਿ ਇਸ ਨੂੰ ਯੂ-ਟਿਊਬ ਤੇ ਦਰਸ਼ਕਾਂ ਵੱਲੋਂ ਕਾਫੀ ਪਸੰਦ ਕੀਤਾ ਜਾ ਰਿਹਾ ਹੈ। ਇਸ ਗੀਤ ਨੂੰ ਦਰਸ਼ਕ ਇੰਸਟਾਗ੍ਰਾਮ ਅਤੇ ਫੇਸਬੁੱਕ 'ਤੇ ਵੀ ਦੇਖ ਸਕਦੇ ਹਨ। ਹੋਰ ਜਾਣਕਾਰੀ ਦਿੰਦਿਆ ਦੀਪਕ ਨੇ ਕਿਹਾ, "ਕੋਰੋਨਾ ਮਾਹਾਂਮਾਰੀ ਤੇ ਲੌਕ ਡਾਊਨ ਦੇ ਕਾਰਨ ਲੋਕ ਕਾਫ਼ੀ ਉਦਾਸ ਹਨ। ਇਹ ਗੀਤ ਸੁਣ ਕੇ ਲੋਕਾਂ ਦੇ ਚਿਹਰਿਆਂ 'ਤੇ ਮੁਸਕਾਨ ਆ ਜਾਏਗੀ। ਸਾਨੂੰ ਉਨ ਾਂ ਦਾ ਪਿਆਰ ਤੇ ਹੱਲਾ-ਸ਼ੇਰੀ ਪਹਿਲਾਂ ਵਾਂਗ ਹੀ ਮਿਲੇ ਇਸ ਉਮੀਦ ਨਾਲ ਹੀ ਅਸੀਂ ਇਹ ਗੀਤ ਤਿਆਰ ਕੀਤਾ ਹੈ।"




# ਭਾਜਪਾ ਆਗੂ ਕਾਲੜਾ ਨੇ ਐੱਸਐੱਸਪੀ ਨਾਲ ਕੀਤੀ ਮੁਲਾਕਾਤ

**ਸੰਗਰੂਰ/ਵਰਮਾ**

ਸੀਨੀਅਰ ਭਾਜਪਾ ਆਗੂ ਜਤਿੰਦਰ ਕਾਲੜਾ ਦੀ ਅਗਵਾਈ ਵਿੱਚ ਬਠਿੰਡਾ ਭਾਜਪਾ ਸ਼ਹਿਰੀ ਦੇ ਇੰਚਾਰਜ ਅਤੇ ਸੀਨੀਅਰ ਆਗੂ ਵਿਨੋਦ ਗੁਪਤਾ, ਭਾਜਪਾ ਸੁਨਾਮ ਮੰਡਲ ਪ੍ਰਧਾਨ ਅਸ਼ੋਕ ਗੋਇਲ ਅਤੇ ਸੂਬਾ ਕਮੇਟੀ ਮੈਂਬਰ ਦੀਵਾਨ ਚੰਦ ਨੇ ਸੰਗਰੂਰ ਦੇ ਨਵ- ਨਿਯੁਕਤ ਐੱਸ ਐੱਸ ਪੀ ਸਵਪਨ ਸ਼ਰਮਾ ਨਾਲ ਮੁਲਾਕਾਤ ਕੀਤੀ। ਇਸ ਮੌਕੇ ਭਾਜਪਾ ਆਗੂਆਂ ਨੇ ਨਵ-ਨਿਯੁਕਤ ਐੱਸਐੱਸਪੀ ਨੂੰ ਬੁੱਕੇ ਭੇਂਟ ਕੀਤੇ ਅਤੇ ਜ਼ਿਲ੍ਹੇ ਵਿੱਚ ਲੋਕਾਂ ਨੂੰ ਦਰਪੇਸ਼ ਆ ਰਹੀਆਂ ਵੱਖ-ਵੱਖ ਸਮੱਸਿਆਵਾਂ ਸਬੰਧੀ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਦਾ ਹੱਲ ਕਰਵਾਉਣ ਦੀ ਮੰਗ ਕੀਤੀ। ਇਸ ਮੌਕੇ ਸੀਨੀਅਰ ਭਾਜਪਾ ਆਗੂ ਜਤਿੰਦਰ ਕਾਲੜਾ ਨੇ ਐੱਸਐੱਸਪੀ ਸਵਪਨ ਸ਼ਰਮਾ ਨਾਲ ਕਈ ਕਾਨੂੰਨੀ ਸਮੱਸਿਆਵਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ। ਇਸ ਦੌਰਾਨ ਭਾਜਪਾ ਆਗੂਆਂ ਨੇ ਉਨ੍ਹਾਂ ਨੂੰ ਜਾਣਕਾਰੀ ਦਿੰਦਿਆ ਦੱਸਿਆ ਕਿ ਜ਼ਿਲ੍ਹੇ ਵਿੱਚ ਬੇਸ਼ੁਮਾਰ ਚੋਰੀਆਂ ਹੋ ਰਹੀਆਂ ਹਨ ਅਤੇ ਟ੍ਰੈਫਿਕ ਸਮੱਸਿਆ ਵੀ ਵਿਕਰਾਲ ਰੂਪ ਲੈ ਚੁੱਕੀ ਹੈ। ਉਨ੍ਹਾਂ ਨਵ-ਨਿਯੁਕਤ ਐੱਸ ਐੱਸ ਪੀ ਤੋਂ ਮੰਗ ਕੀਤੀ ਕਿ ਚੋਰੀਆਂ ਅਤੇ ਟ੍ਰੈਫਿਕ ਸਮੱਸਿਆਵਾਂ ਤੇ ਨੱਥ ਪਾਈ ਜਾਵੇ। ਕਿਉਂਕਿ ਇਨ੍ਹਾਂ ਦੋਵਾਂ ਕਾਰਨ ਲੋਕਾਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟ੍ਰੈਫਿਕ ਸਮੱਸਿਆਵਾਂ ਅਤੇ ਚੋਰੀਆਂ ਕਾਰਨ ਲੋਕਾਂ ਨੂੰ ਹਮੇਸ਼ਾ ਜਾਨ-ਮਾਲ ਦਾ ਖ਼ਤਰਾ ਬਣਿਆ ਰਹਿੰਦਾ ਹੈ। ਕਿਉਂਕਿ ਅਜਿਹੀਆਂ ਵਾਰਦਾਤਾਂ ਅਤੇ ਘਟਨਾਵਾਂ ਕਾਰਨ ਲੋਕਾਂ ਨੂੰ ਕੀਮਤੀ ਜਾਨਾਂ ਅਤੇ ਗੂੜ੍ਹੇ ਖ਼ੂਨ-ਪਸੀਨੇ ਨਾਲ ਕਮਾਏ ਪੈਸੇ ਤੇ ਕੀਮਤੀ ਸਾਮਾਨ ਤੋਂ ਹੱਥ ਧੋਣਾ ਪੈਂਦਾ ਹੈ। ਭਾਜਪਾ ਆਗੂ ਕਾਲੜਾ ਨੇ ਮੰਗ ਕੀਤੀ ਕਿ ਜ਼ਿਲਾ ਪੁਲਸ ਮੁਖੀ ਹੋਣ ਦੇ ਨਾਤੇ ਜ਼ਿਲ੍ਹਾ ਵਾਸੀਆਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਰਾਹਤ ਦਿਵਾਈ ਜਾਵੇ। ਨਵਨਿਯੁਕਤ ਐੱਸਐੱਸਪੀ ਸਵਪਨ ਸ਼ਰਮਾ ਨੇ ਭਾਜਪਾ ਆਗੂਆਂ ਨੂੰ ਭਰੋਸਾ ਦਿਵਾਇਆ ਕਿ ਬਹੁਤ ਜਲਦੀ ਹੀ ਜ਼ਿਲ੍ਹਾ ਵਾਸੀਆਂ ਨੂੰ ਇਨ੍ਹਾਂ ਸਮੱਸਿਆਵਾਂ ਤੋਂ ਨਿਜਾਤ ਦਿਵਾਈ ਜਾਵੇਗੀ ਅਤੇ ਪੁਲਿਸ ਨੂੰ ਚੁਸਤ ਦਰੁਸਤ ਕੀਤਾ ਜਾਵੇਗਾ।

## ■ ਐੱਸ ਐੱਸ ਪੀ ਨੇ ਚੋਰੀਆਂ ਅਤੇ ਟ੍ਰੈਫਿਕ ਸਮੱਸਿਆਵਾਂ ਤੇ ਨੱਥ ਪਾਉਣ ਦਾ ਦਿੱਤਾ ਭਰੋਸਾ

# ਪ੍ਰਗਤੀਸ਼ੀਲ ਬ੍ਰਾਹਮਣ ਸਭਾ ਵੱਲੋਂ ਮੁਫਤ ਕੋਵਿਡ ਵੈਕਸੀਨੇਸ਼ਨ ਕੈਂਪ ਲਗਾਇਆ



**ਸੁਨਾਮ/ਵਰਮਾ**

ਬੀਤੇ ਦਿਨੀਂ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਦੀ ਐਡਵਾਈਜ਼ਰੀ ਅਤੇ ਕੋਰ ਕਮੇਟੀ ਵੱਲੋਂ ਮੁਫਤ ਕੋਵਿਡ-19 ਟੀਕਾਕਰਨ ਕੈਂਪ ਭਾਈ ਮੂਲ ਚੰਦ ਸਾਹਿਬ ਦੀਆਂ ਸਮਾਧਾਂ ਵਿਖੇ ਲਗਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਮੇਟੀ ਦੇ ਕਨਵੀਨਰ ਵਿਕਰਮ ਸ਼ਰਮਾ ਅਤੇ ਨਰਿੰਦਰ ਠੇਕੇਦਾਰ ਨੇ ਦੱਸਿਆ ਕਿ ਸਾਡੀ ਸੰਸਥਾ ਵੱਲੋਂ ਮੌਜੂਦਾ ਸਮੇਂ ਵਿੱਚ ਕੋਰੋਨਾ ਮਹਾਂਮਾਰੀ ਦੀ ਰੋਕਥਾਮ ਲਈ ਇਹ ਮੁਫਤ ਕੋਵਿਡ-19 ਟੀਕਾਕਰਨ ਕੈਂਪ ਲਗਾਇਆ ਗਿਆ ਹੈ। ਜਿਸ ਵਿੱਚ ਲੱਗਭੱਗ 450 ਵੈਕਸੀਨੇਸ਼ਨ ਲਗਾਈਆਂ ਗਈਆਂ। ਜੈ ਦੇਵ ਸ਼ਰਮਾ, ਮਾਸਟਰ ਭੂਸ਼ਣ ਅਤੇ ਐਡਵੋਕੇਟ ਪੁਨੀਤ ਸ਼ਰਮਾ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਹ ਕੈਂਪ ਸਿਵਲ ਹਸਪਤਾਲ ਸੁਨਾਮ ਦੇ ਐਸਐਮਓ ਡਾ ਸੰਜੇ ਕਾਮਰਾ, ਡਾ ਪ੍ਰਭਜੋਤ ਸਿੰਘ ਢਿੱਲੋਂ ਅਤੇ ਡਾ ਮਨੀਸ਼ ਗੁਪਤਾ ਮੈਡੀਕਲ ਅਫਸਰ ਸੁਨਾਮ ਦੀ ਦੇਖ-ਰੇਖ ਵਿੱਚ ਸਰਕਾਰੀ ਹਿਦਾਇਤਾਂ ਅਨੁਸਾਰ ਲਗਾਇਆ ਗਿਆ। ਜਿਸ ਵਿੱਚ ਸਿਵਲ ਹਸਪਤਾਲ ਦੀ ਟੀਮ ਵੱਲੋਂ 18 ਸਾਲ ਤੋਂ ਉੱਪਰ ਉਮਰ ਵਾਲਿਆਂ ਨੂੰ ਇਹ ਵੈਕਸੀਨੇਸ਼ਨ ਲਗਾਈ ਗਈ। ਐਡਵਾਈਜ਼ਰੀ ਕਮੇਟੀ ਦੇ ਸੀਨੀਅਰ ਮੈਂਬਰ ਗੋਪਾਲ ਸ਼ਰਮਾ ਅਤੇ ਨਰਿੰਦਰ ਸ਼ਰਮਾ ਨੇ ਬ੍ਰਾਹਮਣ ਸਭਾ ਦੀ ਕੋਰ ਕਮੇਟੀ ਵੱਲੋਂ ਕੀਤੇ ਇਸ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਕੈਂਪ ਪ੍ਰਤੀ ਲੋਕਾਂ ਵਿੱਚ ਬਹੁਤ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਭਵਿੱਖ ਵਿੱਚ ਵੀ ਪ੍ਰਗਤੀਸ਼ੀਲ ਬ੍ਰਾਹਮਣ ਸਭਾ ਵੱਲੋਂ ਵੈਕਸੀਨੇਸ਼ਨ ਕੈਂਪ ਲਗਾਇਆ ਜਾਵੇਗਾ। ਇਸ ਮੌਕੇ ਡਾ ਰਵਿੰਦਰ ਭਾਰਦਵਾਜ, ਬਲਵਿੰਦਰ ਭਾਰਦਵਾਜ, ਰਾਮ ਜੁਆਰੀ, ਯੋਗੇਸ਼ ਜੋਸ਼ੀ, ਧਰਮਪਾਲ ਸ਼ਰਮਾ ਐਡਵੋਕੇਟ ਰਮੇਸ਼ ਸ਼ਰਮਾ, ਰਮੇਸ਼ ਠੇਕੇਦਾਰ ਆਦਿ ਵੀ ਮੌਜੂਦ ਸਨ।



# ਸ਼ਾਮ ਲਾਲ ਸਿੰਗਲਾ ਬਣੇ ਅਗਰਵਾਲ ਸਭਾ ਪੰਜਾਬ ਦੇ ਚੀਫ ਪੈਟਰਨ

**ਸੁਨਾਮ/ਵਰਮਾ**

ਅਗਰਵਾਲ ਸਭਾ ਜਿਲ੍ਹਾ ਸੰਗਰੂਰ ਦੇ ਪ੍ਰਧਾਨ ਸ਼ਾਮ ਲਾਲ ਸਿੰਗਲਾ ਨੂੰ ਅਗਰਵਾਲ ਸਭਾ ਪੰਜਾਬ ਦਾ ਚੀਫ ਪੈਟਰਨ ਬਣਾਇਆ ਗਿਆ ਹੈ। ਇਹ ਨਿਯੁਕਤੀ ਅਗਰੋਹਾ ਵਿਕਾਸ ਟਰੱਸਟ ਅਗਰੋਹਾ ਧਾਮ ਦੇ ਕਾਰਜਕਾਰੀ ਪ੍ਰਧਾਨ ਬਜਰੰਗ ਦਾਸ ਗਰਗ ਨੇ ਚੰਡੀਗੜ੍ਹ ਵਿਖੇ ਹੋਏ ਇੱਕ ਸਾਦਾ ਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਨਿਯੁਕਤੀ ਪੱਤਰ ਦੇ ਕੇ ਕੀਤੀ। ਸਮਾਗਮ ਦੌਰਾਨ ਮੰਚ ਸੰਚਾਲਨ ਮਨਪ੍ਰੀਤ ਬਾਂਸਲ ਨੇ ਕੀਤਾ। ਗਰਗ ਨੇ ਇਸ ਮੌਕੇ ਬੋਲਦਿਆਂ ਕਿਹਾ ਕਿ ਅਗਰੋਹਾ ਵਿਕਾਸ ਟਰੱਸਟ ਚਾਹੁੰਦਾ ਹੈ ਕਿ ਪੰਜਾਬ ਵਿੱਚ ਅਗਰਵਾਲ ਭਾਈਚਾਰੇ ਨੂੰ ਹੋਰ ਮਜਬੂਤ ਕੀਤਾ ਜਾਵੇ ਤੇ ਛੋਟੇ-ਛੋਟੇ ਵਖਰੇਵੇਂ ਦੂਰ ਕਰਕੇ ਸਾਰਿਆਂ ਨੂੰ ਇੱਕ ਪਲੇਟਫਾਰਮ ਤੇ ਇਕੱਠਾ ਕੀਤਾ ਜਾਵੇ। ਉਹਨਾਂ ਕਿਹਾ ਕਿ ਸ਼ਾਮ ਲਾਲ ਸਿੰਗਲਾ ਕਈ ਸਾਲਾਂ ਤੋਂ ਅਗਰਵਾਲ ਸਮਾਜ ਲਈ ਬੜੀ ਮਿਹਨਤ ਨਾਲ ਕੰਮ ਕਰ ਰਹੇ ਹਨ ਅਤੇ ਉਹਨਾਂ ਦੀ ਸਮਾਜ ਪ੍ਰਤੀ ਕੀਤੀ ਜਾ ਰਹੀ ਨਿਸ਼ਕਾਮ ਸੇਵਾ ਨੂੰ ਮੁੱਖ ਰੱਖਦੇ ਹੋਏ ਉਹਨਾਂ ਨੂੰ ਪੰਜਾਬ ਸਭਾ ਦਾ ਚੀਫ ਪੈਟਰਨ ਬਣਾਇਆ ਗਿਆ ਹੈ। ਉਹਨਾਂ ਕਿਹਾ ਕਿ ਉਹ ਛੇਤੀ ਹੀ ਅਗਰਵਾਲ ਸਭਾ ਪੰਜਾਬ ਦੇ ਸਾਰੇ ਜਿਲ੍ਹਿਆਂ ਦੇ ਸੀਨੀਅਰ ਆਗੂਆਂ ਦੀ ਮੀਟਿੰਗ ਕਰਕੇ ਸਭਾ ਨੂੰ ਮਜ਼ਬੂਤ ਕਰਕੇ ਅਗਰੋਹਾ ਧਾਮ ਨਾਲ ਜੋੜਨ ਲਈ ਵਿਚਾਰ ਚਰਚਾ ਕਰਨਗੇ।

ਬਜਰੰਗ ਦਾਸ ਗਰਗ ਨੇ ਕਿਹਾ ਕਿ ਅਗਰੋਹਾ ਧਾਮ ਸਾਰੇ ਵੈਸ਼ ਸਮਾਜ ਦਾ ਸਭ ਤੋਂ ਵੱਡਾ ਧਾਮ ਹੈ। ਜੋ ਪੰਜਵੇਂ ਧਾਮ ਦੇ ਰੂਪ ਵਿੱਚ ਵਿਕਸਿਤ ਹੋ ਰਿਹਾ ਹੈ। ਉਹਨਾਂ ਕਿਹਾ ਕਿ ਟਰੱਸਟ ਲੋਕਾਂ ਦੀ ਸਹਾਇਤਾ ਨਾਲ ਇੱਥੇ ਕਰੋੜਾਂ ਰੁਪਏ ਖਰਚ ਕਰਕੇ ਸਹੂਲਤਾਂ ਪ੍ਰਦਾਨ ਕਰ ਰਿਹਾ ਹੈ। ਧਾਮ ਨੂੰ ਹੋਰ ਵੀ ਸੁੰਦਰ ਬਣਾਉਣ ਅਤੇ ਨਵੀਆਂ ਉਸਾਰੀਆਂ ਵੱਡੀ ਪੱਧਰ ਤੇ ਕੀਤੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਜੋ ਵੀ ਅਗਰਵਾਲ ਭਰਾ ਆਪਣੀ ਲੜਕੀ ਦੀ ਸ਼ਾਦੀ ਅਗਰੋਹਾ ਧਾਮ ਵਿਖੇ ਕਰਨਾ ਚਾਹੁੰਦਾ ਹੈ ਉਸ ਦੇ ਦੋਵੇਂ ਪਰਿਵਾਰਾਂ ਦਾ ਸਾਰਾ ਖਰਚਾ ਟਰੱਸਟ ਵੱਲੋਂ ਕੀਤਾ ਜਾਂਦਾ ਹੈ ਅਤੇ ਇੱਕ ਲੱਖ ਰੁਪਏ ਤੋਂ ਵੱਧ ਦਾ ਘਰੇਲੂ ਸਮਾਨ ਵੀ ਦਿੱਤਾ ਜਾਂਦਾ ਹੈ। ਉਹਨਾਂ ਕਿਹਾ ਕਿ ਟਰੱਸਟ ਧਾਮ ਵਿਖੇ 10 ਏਕੜ ਜਮੀਨ ਤੇ ਮਹਾਰਾਜਾ ਅਗਰਸੇਨ ਇੰਟਰਨੈਸ਼ਨਲ ਸਕੂਲ ਬਣਾਉਣ ਦੀ ਤਿਆਰੀ ਕਰ ਰਿਹਾ ਹੈ ਅਤੇ ਅਗਰੋਹਾ ਨੂੰ ਰੇਲ ਲਾਈਨ ਨਾਲ ਜੋੜਣ ਲਈ ਵੀ ਕੇਂਦਰ ਸਰਕਾਰ ਤੱਕ ਪਹੁੰਚ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਅਗਰੋਹਾ ਵਿਕਾਸ ਟਰੱਸਟ ਦੇਸ਼ ਦੀਆਂ ਸਾਰੀਆਂ ਸੂਬਾਈ ਕਮੇਟੀਆਂ ਦਾ ਪੁਨਰਗਠਨ ਕਰਕੇ ਉਨ੍ਹਾਂ ਨੂੰ ਸਰਗਰਮ ਕਰ ਰਿਹਾ ਹੈ ਅਤੇ ਇੰਟਰਨੈਸ਼ਨਲ ਪੱਧਰ ਤੇ ਵੀ ਇਕਾਈਆਂ ਦਾ ਗਠਨ ਕੀਤਾ ਜਾ ਰਿਹਾ ਹੈ। ਬਜਰੰਗ ਦਾਸ ਗਰਗ ਨੇ ਅੱਗੇ ਕਿਹਾ ਕਿ ਪੰਜਾਬ ਦੇ ਜਿਲ੍ਹਾ ਕੇਂਦਰਾਂ ਤੋਂ ਅਗਰੋਹਾ ਧਾਮ ਲਈ ਸਰਕਾਰੀ ਬੱਸਾਂ ਚਲਾਉਣ ਸੰਬੰਧੀ ਵੀ ਮੁੱਖਮੰਤਰੀ ਕੈਪਟਨ ਅਮਰਿੰਦਰ ਸਿੰਘ ਨਾਲ ਗੱਲ ਹੋ ਗਈ ਹੈ। ਆਸ ਹੈ ਕਿ ਸਰਕਾਰ ਛੇਤੀ ਹੀ ਇਸ ਤੇ ਅਮਲ ਕਰੇਗੀ। ਬੱਸਾਂ ਜਾਣ ਲਈ ਇਸ ਧਰਮ ਸਥਾਨ ਦੀ ਮਹੱਤਤਾ ਹੋਰ ਵੀ ਵਧ ਜਾਵੇਗੀ। ਸਾਰੇ ਵੈਸ਼ ਸਮਾਜ ਨੂੰ ਅਪੀਲ ਕੀਤੀ ਕਿ ਉਹ ਅਗਰੋਹਾ ਧਾਮ ਨਾਲ ਜੁੜ ਕੇ ਆਪਣੇ ਸਮਾਜ ਦੀ ਬੇਹਤਰੀ ਲਈ ਅੱਗੇ ਆਉਣ। ਉਹਨਾਂ ਸ੍ਰੀ ਬਜਰੰਗ ਦਾਸ ਗਰਗ ਅਤੇ ਸਮੁੱਚੇ ਟਰੱਸਟ ਦਾ ਇਸ ਨਿਯੁਕਤੀ ਲਈ ਧੰਨਵਾਦ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਰਿਟਾਇਰਡ ਆਈ.ਏ.ਐਸ. ਅਫਸਰ ਟੀ.ਆਰ. ਗੁਪਤਾ ਤੇ ਅੰਮ੍ਰਿਤ ਲਾਲ ਗਰਗ, ਮਨਪ੍ਰੀਤ ਬਾਂਸਲ ਪ੍ਰਧਾਨ ਸੁਨਾਮ, ਕ੍ਰਿਸ਼ਨ ਸੰਦੋਹਾ, ਹਕੂਮਤ ਰਾਏ ਜਿੰਦਲ, ਹਰੀ ਦੇਵ ਗੋਇਲ, ਵਿਕਰਮ ਗਰਗ ਵਿੱਕੀ, ਰਾਮ ਲਾਲ ਰਾਮਾ ਆਲਮਪੁਰੀਆ, ਰਵੀ ਕਮਲ ਗੋਇਲ, ਤਰਲੋਚਨ ਚੀਮਾਂ, ਡਾ. ਰਾਮ ਲਾਲ ਧਰਮਗੜ੍ਹ, ਨਰੇਸ਼ ਸਿੰਗਲਾ, ਮਦਨ ਲਾਲ ਧੂਰੀ, ਨਰਾਤਾ ਰਾਮ, ਟੀ.ਸੀ. ਜਿੰਦਲ ਸੰਗਰੂਰ ਤੋਂ ਇਲਾਵਾ ਜਿਲ੍ਹਾ ਅਗਰਵਾਲ ਸਭਾ ਦੇ ਸੀਨੀਅਰ ਮੈਂਬਰ ਸ਼ਾਮਿਲ ਹੋਏ।

# ਕਸਬਾ ਭਦੌੜ ਦੇ ਵਿੱਖੇ ਦਲਿਤ ਵੇਲਫੈਅਰ ਸੰਗਠਨ ਪੰਜਾਬ ਵਲੋ ਇਕਾਈ ਦਾ ਗਠਨ

**ਬਰਨਾਲਾ/ਰਮਨਦੀਪ ਧਾਲੀਵਾਲ**



ਬਰਨਾਲਾ ਜਿਲ੍ਹਾਂ ਚ ਪੈਂਦੇ ਹਲਕਾ ਭਦੋੜ ਵਿੱਖੇ ਦਲਿਤ ਸੰਗਠਨ ਵੈਲਫੇਅਰ ਪੰਜਾਬ ਦੇ ਸਰਪ੍ਰਸਤ ਤੇ ਸਾਬਕਾ ਐਸ ਸੀ ਕਮਿਸਨ ਮੈਬਰ ਸ੍ਰੀਮਤੀ ਪੂਨਮ ਕਾਂਗੜਾ ਅਤੇ ਸੰਗਠਨ ਦੇ ਸੂਬਾ ਪ੍ਰਧਾਨ ਦਰਸਨ ਸਿੰਘ ਕਾਂਗੜਾ ਜੀ ਦੇ ਦਿਸਾ ਨਿਰਦੇਸਾਂ ਅਨੁਸਾਰ ਅੱਜ ਭਦੋੜ ਦੇ ਕਸਬਾ ਪੱਤੀ ਮੋਹਰ ਸਿੰਘ ਵਿੱਖੇ ਪੰਜਾਬ ਦੇ ਜਰਨਲ ਸਕੱਤਰ ਕ੍ਰਿਸਨ ਸਿੰਘ ਸੰਘੇੜਾ' ਤੇ ਪੰਜਾਬ ਦੇ ਸਕੱਤਰ ਮਲਕੀਤ ਸਿੰਘ ਪੱਤੀ, ਸਕੱਤਰ ਰਾਣੀ ਕੌਰ ਠੀਕਰੀਵਾਲ, ਮਹਿਲਾ ਵਿੰਗ ਦੀ ਜਿਲਾ ਬਰਨਾਲਾ ਦੀ ਪ੍ਰਧਾਨ ਪ੍ਰਮਜੀਤ ਕੋਰ ਧੋਲਾ ਦੀ ਅਗਵਾਈ ਵਿਚ ਅੱਜ ਕਸਬਾ ਭਦੌੜ ਵਿਖੇ ਪੱਤੀ ਮੋਹਰ ਸਿੰਘ ਏ ਦੀ ਧਰਮਸਾਲਾ ਚ ਦਲਿਤ ਭਾਈਚਾਰੇ ਨਾਲ ਸਬੰਧਿਤ ਮਰਦਾ ਅਤੇ ਔਰਤਾ ਨੇ ਭਾਰੀ ਇਕੱਠ ਨਾਲ ਸਮੂਲੀਅਤ ਕੀਤੀ ਦੇ ਜਿੰਨਾ ਵਿੱਚੋ ਪਿੰਡ ਦੀ 11 ਮੈਬਰੀ ਇਕਾਈ ਬਣਾਈ ਗਈ। ਜਿਸ ਵਿੱਚ ਮਨਜੀਤ ਕੋਰ ਨੂੰ ਮਹਿਲਾ ਵਿੰਗ ਪੱਤੀ ਮੋਹਰ ਸਿੰਘ ਏ ਦੀ ਇਕਾਈ ਪ੍ਰਧਾਨ ਅਤੇ ਕੁਲਦੀਪ ਸਿੰਘ ਪੁੱਤਰ ਹਰੀ ਸਿੰਘ ਨੂੰ ਇਕਾਈ ਪ੍ਰਧਾਨ ਨਿਯੂਕਤ ਕੀਤਾ ਗਿਆ ਤੇ ਮੋਕੇ ਤੇ ਨਿਯੂਕਤੀ ਪੱਤਰ ਵੀ ਦਿੱਤੇ ਗਏ ਜਿਸ ਵਿੱਚ ਰਾਜ ਰਾਣੀ, ਜਸਵੀਰ ਕੌਰ, ਸੰਦਿਰ ਕੌਰ, ਮਹਿੰਦਰ ਕੌਰ, ਗੁਰਮੇਲ ਕੌਰ, ਮਨਜੀਤ ਕੌਰ, ਗੁੱਡੀ ਕੌਰ, ਬੂਟਾ ਸਿੰਘ, ਬਿੰਦਰ ਕੌਰ, ਚਮਕੌਰ ਸਿੰਘ, ਗੁਰਤੇਜ ਸਿੰਘ, ਰਾਜਦੀਪ ਚੀਮਾ ਆਦੀ ਨੂੰ ਮੈਂਬਰ ਬਣਾਇਆ ਗਿਆ। ਇਸ ਮੋਕੇ ਬੋਲਦਿਆ ਸੂਬਾ ਸਕੱਤਰ ਕ੍ਰਿਸਨ ਸਿੰਘ ਨੇ ਕਿਹਾ ਕਿ ਕਿ ਸ੍ਰੀਮਤੀ ਪੂਨਮ ਕਾਂਗੜਾ ਅਤੇ ਦਰਸਨ ਕਾਂਗੜਾ ਜੀ ਪੰਜਾਬ ਦੇ ਪਿੰਡਾਂ ਚ ਜਾਂ ਕੇ ਦਲਿਤਾ ਦੀਆ ਹੱਕੀ ਮੰਗਾ ਲੈਣ ਲਈ ਸਰਕਾਰ ਨਾਲ ਰਾਬਤਾ ਕਾਇਮ ਕਰਕੇ ਬਹੁਤ ਵਧੀਆ ਕੰਮ ਕਰ ਰਹੇ ਹਨ। ਜਿੱਥੇ ਵੀ ਕਿਸੇ ਦਲਿਤ ਭਾਈਚਾਰੇ ਨਾਲ ਕੋਈ ਧੱਕਾ ਹੁੰਦਾ ਹੈ ਉੱਥੇ ਵੀ ਉਨਾ ਨਾਲ ਮੋਢੇ ਨਾਲ ਮੋਢਾ ਜੋੜਕੇ ਖੜਦੇ ਹਨ ਜਦੋ ਤੱਕ ਕਿਸੇ ਨੂੰ ਇੰਨਸਾਫ ਨਹੀ ਮਿਲਦਾ ਉਨਾ ਚਿਰ ਦਮ ਨਹੀ ਲੈਂਦੇ ਇਸ ਮੋਕੇ ਪੱਤੀ ਮੋਹਰ ਸਿੰਘ ਏ ਦੇ ਸਰਪੰਚ ਕਮਲਜੀਤ ਕੋਰ, ਗੁਰਮੀਤ ਸਿੰਘ ਭੱਲਾ, ਅਤੇ ਸਮੂਹ ਨਗਰ ਪੰਚਾਇਤ, ਕਾਂਗਰਸ ਕਮੇਟੀ ਬਾਮੀਆਨ ਰੋਡ ਪੱਤੀ ਮੋਹਰ ਸਿੰਘ ਏ ਅਤੇ ਇੰਦਰਜੀਤ ਸਿੰਘ ਭਿੰਦਾ ਸਹਿਰੀ ਪ੍ਰਧਾਨ ਕਾਂਗਰਸ ਕਮੇਟੀ ਭਦੌਂਡ, ਸਾਧੂ ਰਾਮ ਜਰਗਰ ਮੈਂਬਰ ਮਾਰਕੀਟ ਕਮੇਟੀ ਭਦੌਂਡ, ਕੌਂਸਲਰ ਨਾਹਰ ਸਿੰਘ ਔਲਖ, ਕੌਂਸਲਰ ਅਮਰਜੀਤ ਸਿੰਘ, ਸੂਬਾ ਸਕੱਤਰ ਰਾਜ ਸਿੰਘ ਭਦੋੜ, ਮਹਿਲਾ ਵਿੰਗ ਪਧਾਨ ਪਰਮਜੀਤ ਕੋਰ ਵਾਰਡ ਨੰ 6 ਐਮ ਸੀ ਅਮਰਜੀਤ ਸਿੰਘ ਵਾਰਡ ਨੰ5 ਆਦਿ ਹਾਜਰ ਸਨ।

ਨਾਨਕ ਨਾਮ ਚੜ੍ਹਦੀ ਕਲਾ ਤੇਰੇ ਭਾਣੇ ਸਰਬੱਤ ਦਾ ਭਲਾ॥
ਅਨਾਥ, ਵਿਧਵਾ, ਬੇਸਹਾਰਾ, ਲਚਾਰ ਪ੍ਰਾਣੀਆਂ ਦੀ ਸੇਵਾ ਹਿੱਤ
ਗੁਰੂ ਨਾਨਕ ਅਨਾਥ ਆਸ਼ਰਮ ਐਂਡ ਚੈਰੀਟੇਬਲ ਸੁਸਾਇਟੀ (ਰਜਿ.)
विधवा, बेसहारा, लाचार प्राणियों की सेवा में
गुरू नानक अनाथ आश्रम एण्ड चैरीटेबल सोसाईटी (रजि.)
ਫੋਨ : 0181-2413760, ਮੋ. 95018-42008
GURU NANAK ANATH ASHRAM & CHARITABLE SOCIETY (REGD.)
P.N.B. A/C. No. 2205000121070723
ਦਾਨੀ ਸੱਜਣ ਇਨਕਮ ਟੈਕਸ ਛੋਟ ਵਾਸਤੇ ਮੁੱਖ ਦਫ਼ਤਰ ਰਾਮਾ ਮੰਡੀ, ਜਲੰਧਰ ਨਾਲ ਸੰਪਰਕ ਕਰਨ ਜੀ।
Vill. Buddana, P.o. Kapoor Pind, Near Jandusinga, Distt Jalandhar (Pb.)

ਦੇਸ਼-ਵਿਦੇਸ਼ ਤੋਂ ਅਖ਼ਬਾਰ ਨੂੰ ਪੱਤਰਕਾਰ, ਲੇਖਕਾਂ ਦੀ ਲੋੜ ਹੈ ਚਾਹਵਾਨ ਸੰਪਰਕ ਕਰਨ ਪਤਾ-ਲੋਕ ਬਾਣੀ ਸੰਗਮ ਕੰਪਲੈਕਸ, ਮਿਲਾਪ ਚੌਕ ਜਲੰਧਰ 0181-2211009, 99155-94111